Estd: 2000

ਜਨਵਰੀ/ January - 2022
ਸਾਲ/ Year - 05
ਅੰਕ/ Edition - 10
ਸਫੇ/ Page - 12

Anual Subcription 500/-

Regd Office:
1195, Ajit Nagar
Moga-142001 (Punjab)

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' • ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ-ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPUN 04016 * Help Line: 9988-92-9988 * E-mail: mehakwattandi@rediffmail.com * www.mehakwatandilive.com



'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਦੇਸ਼ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸਾਧ ਸੰਗਤ ਜੀ ਨੂੰ

## ਦਸਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਦੇ ਅਵਤਾਰ ਪੁਰਬ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ !

'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਆਪ ਜੀ ਨੂੰ 'ਲੋਹੜੀ' ਅਤੇ 'ਮਾਘੀ' ਦੀਆਂ ਬਹੁਤ-ਬਹੁਤ ਮੁਬਾਰਕਾਂ ਹੋਵਣ ਜੀ।





Scanned with CamScanner



ਦੇਸ਼ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਜੀ ਨੂੰ ਦਸਮੇਸ਼ ਪਿਤਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਮਹਾਰਾਜ ਦੇ ਅਵਤਾਰ ਪੁਰਬ ਦੀਆਂ

ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ !

ਸੰਤ ਬਾਬਾ ਰੇਸ਼ਮ ਸਿੰਘ ਜੀ ਖ਼ਾਲਸਾ

ਮੁੱਖ ਸੇਵਾਦਾਰ : ਗੁ. ਸਾਹਿਬ ਦੁੱਖ ਭੰਜਨਸਰ ਸਾਹਿਬ, ਖੁਖਰਾਣਾ

ਸੀਨੀ. ਮੀਤ ਪ੍ਰਧਾਨ ਗੁਰ ਸ਼ਬਦ ਪ੍ਰਚਾਰ ਸੰਤ ਸਮਾਜ

ਮੈਂਬਰ ਖ਼ਾਲਸਾ ਐਕਸ਼ਨ ਕਮੇਟੀ

ਮੋ. 98153-11318, 77107-11318




ਦੇਸ਼ ਵਿਦੇਸ਼ਾਂ ਵਿੱਚ ਵਸਦੀ ਸਮੂੰਹ ਸੰਗਤ ਜੀ ਨੂੰ

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਮਹਾਰਾਜ ਦੇ ਅਵਤਾਰ ਪੁਰਬ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ !

ਗੁਰੂ ਨਾਨਕ ਦਰਬਾਰ (ਨਾਨਕਸਰ ਠਾਠ ਮੰਡੀਰਾਂ)



ਮੁੱਖ ਸੇਵਾਦਾਰ:
ਬਾਬਾ ਬਲਦੇਵ ਸਿੰਘ ਮੰਡੀਰਾਂ ਵਾਲੇ

ਮੁੱਖ ਪ੍ਰਬੰਧਕ:
ਭਾਈ ਹਰਪ੍ਰੀਤ ਸਿੰਘ 'ਡੋਨੀ'

Mob.: 99149-01113, 98036-00023



Scanned with CamScanner

## ਸੰਪਾਦਕ ਦੀ ਕਲਮ 'ਚੋਂ...

**ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ**

# ਸਿਆਸੀ ਅਖਾੜਾ ਪੂਰੀ ਤਰ੍ਹਾਂ ਮਘਿਆ ਹੋਇਆ ਹੈ

### 'ਮੈਂ ਠੀਕ ਠਾਕ ਦਿੱਲੀ ਵਾਪਸ ਜਾ ਰਿਹਾ ਹਾਂ' ਵਰਗੇ ਸ਼ਬਦ ਮੋਦੀ ਜੀ ਨੂੰ ਸ਼ੋਭਾ ਨਹੀਂ ਦਿੰਦੇ

ਜਿਉਂ-ਜਿਉਂ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ। ਸਾਰੀਆਂ ਸਿਆਸੀ ਪਾਰਟੀਆਂ ਦਾ ਆਪਣਾ ਅੱਡੀ ਚੋਟੀ ਦਾ ਜੋਰ ਲੱਗਾ ਹੋਇਆ ਹੈ। ਹਰੇਕ ਹਲਕੇ ਵਿੱਚ ਹਰੇਕ ਸੀਟ ਤੇ 2 ਤੋਂ 4 ਉਮੀਦਵਾਰ ਆਪਣੇ ਆਪ ਨੂੰ ਟਿਕਟ ਦਾ ਦਾਅਵੇਦਾਰ ਸਮਝ ਰਹੇ ਹਨ। ਹਰੇਕ ਨੇ ਆਪਣੇ ਆਪ ਨੂੰ ਦੁੱਧ ਧੋਤਾ ਅਤੇ ਵਿਰੋਧੀ ਨੂੰ ਚੋਰ ਸਾਬਿਤ ਕਰਨ ਲਈ ਲੋਕਾਂ ਦੀ ਕਚਹਿਰੀ ਵਿਚ ਪਹੁੰਚਣਾ ਸ਼ੁਰੂ ਕਰ ਰਿਹਾ ਹੈ। ਚਿਕਨੀਆਂ ਚੋਪੜੀਆਂ ਗੱਲਾਂ ਕਰਕੇ ਲੋਕਾਂ ਨੂੰ ਭਰਮਾਉਣ ਦੀ ਕੋਸ਼ਿਸ ਕਰ ਰਿਹਾ ਹੈ। ਜਿਨ੍ਹਾਂ ਨੂੰ ਅਜੇ ਟਿਕਟ ਨਹੀਂ ਮਿਲੀ ਉਨ੍ਹਾਂ ਨੇ ਵੀ ਆਪਣਾ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਕੁੱਝ ਅਜਿਹੇ ਵੀ ਹਨ ਜਿਨ੍ਹਾਂ ਦੇ ਅਜੇ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਲਿੰਕ ਨਹੀਂ ਹੈ ਉਹ ਵੀ ਆਪਣੇ ਆਪ ਨੂੰ ਉਮੀਦਵਾਰ ਵਜੋਂ ਲੋਕਾਂ ਵਿੱਚ ਪੇਸ਼ ਕਰ ਰਹੇ ਹਨ। ਗੱਲ ਕੀ ਸਿਆਸੀ ਅਖਾੜਾ ਪੂਰੀ ਤਰ੍ਹਾਂ ਮਘਿਆ ਹੋਇਆ ਹੈ।

ਇਸ ਵਕਤ ਹਰ ਪਾਰਟੀ ਹਰੇਕ ਸੀਟ 'ਤੇ ਆਪਣਾ ਹੀ ਕਬਜ਼ਾ ਹੋਣ ਦੇ ਦਾਅਵੇ ਕਰ ਰਹੀ ਹੈ। ਜਦ ਕਿ ਅਸਲ ਵਿੱਚ ਕਿਸੇ ਦੇ ਪੱਲੇ ਕੱਖ ਵੀ ਨਹੀਂ ਹੈ ਤਾਂਹੀ ਵੋਟਰਾਂ ਨੂੰ ਮੁਫਤ ਦੀ ਚੀਜਾਂ ਦੇਣ ਦੇ ਲਾਰਿਆਂ ਨਾਲ ਭਰਮਾਇਆ ਜਾ ਰਿਹਾ ਹੈ। ਬੀਤੇ ਸਮੇਂ ਵਿੱਚ ਕੀਤੇ ਕਾਰਜਾਂ ਦੀ ਕਿਸੇ ਕੋਲ ਕੋਈ ਠੋਸ ਦਲੀਲ ਨਹੀਂ ਹੈ। ਆਪਣੇ ਪੰਜ ਸਾਲ ਵਿਚ ਕੀਤੇ ਜਾਣ ਵਾਲੇ ਵਿਕਾਸ ਦੀ ਦੁਹਾਈ ਪਾਈ ਜਾ ਰਹੀ ਹੈ। ਲੋਕਾਂ ਦੇ ਠੱਪ ਹੋਏ ਬਿਜਨੈਸ, ਬੇਰੁਜਗਾਰੀ, ਅੰਤਾਂ ਦੀ ਮਹਿੰਗਾਈ, ਗੈਸ ਤੇ ਤੇਲ ਦੀਆਂ ਸਿਰ ਚੜ੍ਹੀਆਂ ਕੀਮਤਾਂ, ਸਿਆਸੀ ਲੋਕਾਂ ਨੂੰ ਲਾਹਨਤਾਂ ਪਾ ਰਹੀਆਂ ਹਨ। ਲੋਕਾਂ ਨੂੰ ਮੁਫਤ ਦੀ ਚੀਜਾਂ ਦੇ ਕੇ ਮੰਗਤੇ ਬਣਾਉਣ ਦੀ ਯੋਜਨਾ ਸਿਖਰਾਂ ਤੇ ਹੈ ਜਿਸ ਦਾ ਸੂਝਵਾਨ ਲੋਕਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਕਿਸਾਨ ਵਿਰੋਧ ਕਾਲੇ ਕਾਨੂੰਨਾਂ ਖਿਲਾਫ ਹੋਏ ਅੰਦੋਲਨ ਨੇ ਪੰਜਾਬੀਆਂ ਵਿੱਚ ਨਵਾਂ ਜੋਸ਼ ਭਰ ਦਿੱਤਾ ਹੈ ਜਿਸ ਕਾਰਨ ਲੋਕਾਂ ਵਿੱਚ ਜਾਗਰੂਕਤਾ ਆਈ ਹੈ ਅਤੇ ਉਸ ਸਿਆਸੀ ਲੋਕਾਂ ਨੂੰ ਸਵਾਲ ਕਰ ਰਹੇ ਹਨ। ਇਹ ਆਉਣ ਵਾਲੇ ਸਮੇਂ ਲਈ ਸ਼ੁਭ ਸੰਦੇਸ਼ ਹੈ ਜੋ ਸਾਨੂੰ ਅਗਾਹ ਕਰ ਰਿਹਾ ਹੈ ਕਿ ਨੋਕਰਾਂ (ਸਾਡੇ ਚੁਣੇ ਲੀਗਰਾਂ) ਨੂੰ ਪੈਰਾਂ ਵਿੱਚ ਰੱਖੀਦਾ ਹੈ ਸਿਰ ਤੇ ਨਹੀਂ ਬੈਠਾਈਦਾ।

ਪਰ ਅੱਜ ਦੇ ਸਮੇਂ ਵੋਟਰ ਡਾਵਾਂਡੋਲ ਹੈ ਕਿ ਉਹ ਕਿਸ ਸਿਆਸੀ ਪਾਰਟੀ ਜਾਂ ਕਿਸ ਲੀਡਰ ਦੇ ਨਾਲ ਤੁਰਨ। ਕਿਹੜੀ ਅਜਿਹੀ ਪਾਰਟੀ ਹੈ ਜੋ ਉਨ੍ਹਾਂ ਦੇ ਸੋਚਾਂ ਤੇ ਖਰੀ ਉਤਰੇਗੀ। ਕਿਉਂਕਿ ਹਰੇਕ ਸਿਆਸੀ ਨੇਤਾਂ ਆਪਣੇ ਕੀਤੇ ਕਾਰਜਾਂ ਨੂੰ ਲੋਕਾਂ ਸਾਹਮਣੇ ਰੱਖਣ ਅਤੇ ਵਿਰੋਧੀਆਂ ਦੇ ਕੱਚੇ ਚਿੱਠੇ ਲੋਕਾਂ ਸਾਹਮਣੇ ਰੱਖ ਕੇ ਲਾਹਾ ਖੱਟਣ ਦੇ ਚੱਕਰਾਂ ਵਿਚ ਲੱਗਿਆ ਹੋਇਆ ਹੈ। ਸਾਡੇ ਸਿਆਸੀ ਲੀਡਰਾਂ ਨੂੰ ਵੱਡੇ-ਵੱਡੇ ਫਲੈਕਸ ਲਗਾ ਕੇ ਆਪਣੇ ਕੀਤੇ ਕਾਰਜਾਂ ਨੂੰ ਲੋਕਾਂ ਸਾਹਮਣੇ ਰੱਖਣ ਦੀ ਕੀ ਜਰੂਰਤ ਪੈ ਗਈ? ਜੇਕਰ ਵਾਕਿਆ ਹੀ ਉਨ੍ਹਾਂ ਨੇ ਕੁੱਝ ਕੀਤਾ ਹੁੰਦਾ ਤਾਂ ਲੋਕਾਂ ਨੂੰ ਪਤਾ ਹੀ ਹੋਣਾ ਸੀ ਫਿਰ ਆਪਣੇ ਮੂੰਹੋ ਆਪ ਮੀਆਂ ਮਿੱਠੂ ਬਨਣ ਦੀ ਕੀ ਜਰੂਰਤ ਹੈ। ਜੇਕਰ ਉਨ੍ਹਾਂ ਨੇ ਸਟੇਟ ਦੇ, ਇਲਾਕੇ ਦੇ ਵਿਕਾਸ ਲਈ ਜਾਂ ਲੋਕ ਦੀ ਸਹੂਲਤ ਲਈ ਕੁੱਝ ਕੀਤਾ ਹੁੰਦਾ ਤਾਂ ਲੋਕਾਂ ਨੇ ਖੁਦ ਹੀ ਉਸਦਾ ਮੁੱਲ ਤਾਰਨਾ ਸੀ। ਅੱਜ ਦੇ ਵੋਟਰ ਸਿਆਸੀ ਲੋਕਾਂ ਦੀਆਂ ਲੂੰਬੜ ਚਾਲਾਂ ਸਮਝ ਚੁੱਕੇ ਹਨ। ਵੱਡੇ-ਵੱਡੇ ਫਲੈਕਸ ਬੋਰਡ ਲਗਾਕੇ, ਅਖ਼ਬਾਰਾਂ ਵਿਚ ਵੱਡੇ-ਵੱਡੇ ਇਸ਼ਤਿਹਾਰ ਦੇ ਕੇ ਜਾਂ ਕਈ-ਕਈ ਕਰੋੜ ਖਰਚ ਕੇ ਵੱਡੀਆਂ-ਵੱਡੀਆਂ ਰੈਲੀਆਂ ਕਰਨ ਨਾਲ ਹੁਣ ਵੋਟਰਾਂ ਨੂੰ ਭਰਮਾਇਆ ਨਹੀਂ ਜਾ ਸਕਦਾ। ਹੁਣ ਸ਼ੋਸ਼ਿਆਂ ਨਾਲ ਗੱਲ ਨਹੀਂ ਬਣਦੀ। ਅੱਜ ਦੇ ਵੋਟਰ ਵਿਕਾਸ ਚਾਹੁੰਦੇ ਹਨ। ਰੈਲੀਆਂ, ਮੁਜ਼ਾਹਰਿਆਂ, ਕਾਨਫਰੰਸਾਂ ਨਾਲ ਹੁਣ ਵੋਟਰਾਂ ਦੀ ਸੋਚ ਨਹੀਂ ਬਦਲੇਗੀ।

ਫਿਰੋਜਪੁਰ ਦੀ ਪ੍ਰਧਾਨ ਮੰਤਰੀ ਦੀ ਰੈਲੀ ਦਾ ਫਲਾਪ ਹੋਣਾ ਸਿਆਸੀ ਲੋਕਾਂ ਦੇ ਮੂੰਹ ਤੇ ਵੱਜੀ ਬਹੁੱਤ ਵੱਡੀ ਚਪੇੜ ਹੈ। ਪ੍ਰਧਾਨ ਮੰਤਰੀ ਦਾ ਰੈਲੀ ਨੂੰ ਸੰਬੋਧਨ ਨਾ ਕਰਨਾ ਜਾਂ ਰੈਲੀ ਵਾਲੀ ਜਗਾ ਤੇ ਨਾ ਪਹੁੰਚਣਾ ਸਿਆਸੀ ਖੇਡ ਹੋ ਸਕਦੀ ਹੈ ਪਰ ਪੰਡਾਲ ਵਿੱਚ ਪਈਆਂ ਵੀ.ਆਈ.ਪੀ. ਕੁਰਸੀਆਂ ਵੀ ਖਾਲੀ ਰਹਿ ਜਾਣੀਆਂ, ਇਸ ਵਿਚੋਂ ਲੋਕਾਂ ਦਾ ਵਿਰੋਧ ਝਲਕਦਾ ਹੈ। ਉਹ ਨਹੀਂ ਭੁਲੇ ਕੇ ਦਿੱਲੀ ਅੰਦੋਲਣ ਵਿੱਚ ਉਨ੍ਹਾਂ ਨੇ ਆਪਣੇ ਤਕਰੀਬਨ 700 ਭੈਣ-ਭਰਾ ਗਵਾਏ ਹਨ। ਕਿਸਾਨ ਜਥੇਬੰਦੀਆਂ ਨੇ ਪਹਿਲਾਂ ਤੋਂ ਹੀ ਇਹ ਤਹਿ ਕੀਤਾ ਹੋਇਆ ਸੀ ਕਿ ਨਰਿੰਦਰ ਮੋਦੀ ਦੀ ਰੈਲੀ ਦਾ ਵਿਰੋਧ ਕੀਤਾ ਜਾਵੇਗਾ, ਉਨ੍ਹਾਂ ਨੇ ਓਹੀ ਕੀਤਾ। ਇਹ ਓਹੀ ਕਿਸਾਨ ਹਨ ਜਿਨ੍ਹਾਂ ਨੂੰ ਮੋਦੀ ਨੇ ਅੱਤਵਾਦੀ, ਵੱਖਵਾਦੀ, ਅੰਦੋਲਣਜੀਵੀ ਕਿਹਾ ਸੀ। ਇਨ੍ਹਾਂ ਦੇ ਸ਼ਾਂਤਮਈ ਸੰਘਰਸ਼ ਨੂੰ ਰੋਕਣ ਲਈ ਕਿਹੜੇ-ਕਿਹੜੇ ਹੱਥਕੰਡੇ ਨਹੀਂ ਵਰਤੇ ਗਏ। ਪੱਥਰ ਰੱਖੇ, ਬੈਰੀਕੇਟ ਲਾਏ, ਪਾਣੀ ਦੀਆਂ ਬੁਛਾਰਾਂ ਛੱਡੀਆਂ, ਸੜਕਾਂ ਪੱਟੀਆਂ ਅਤੇ ਕਿੱਲ ਗੱਡੇ। ਪਰ ਇਨ੍ਹਾਂ ਅਣਖੀ ਯੋਧਿਆਂ ਨੇ ਸ਼ਾਂਤਮਈ ਸੰਘਰਸ਼ ਕਰਕੇ ਦੁਨੀਆ ਵਿੱਚ ਮਿਸਾਲ ਕਾਇਮ ਕੀਤੀ ਹੈ। ਫਿਰ ਅੱਜ ਕਿਸਾਨ ਜੱਥੇਬੰਦੀਆਂ ਵੱਲੋਂ ਮੋਦੀ ਦਾ ਵਿਰੋਧ ਹੋਣਾ ਸੁਭਾਵਿਕ ਹੀ ਸੀ। ਕਿਸਾਨ ਜਥੇਬੰਦੀਆਂ ਵੱਲੋਂ ਵਿਰੋਧ ਦਾ ਬਿਗੁਲ ਪਹਿਲਾ ਹੀ ਵਜਾ ਦਿੱਤਾ ਗਿਆ ਸੀ।

ਜੇਕਰ ਮੋਦੀ ਸਾਹਿਬ ਵਾਕਿਆਂ ਪੰਜਾਬ ਵਾਸੀਆਂ ਨੂੰ ਕੁੱਝ ਦੇਣ ਲਈ ਆਏ ਸੀ ਤਾਂ ਚਾਹੇ ਕੁਰਸੀਆਂ ਖਾਲੀ ਹੀ ਸੀ ਪਰ ਫਿਰ ਵੀ ਓਸ ਥਾਂ ਭਾਵ ਰੈਲੀ ਵਾਲੀ ਥਾਂ ਤੇ ਜਰੂਰ ਜਾਂਦੇ, ਜੋ ਵੀ ਸੀ ਇਕੱਠ ਘੱਟ ਸੀ ਜਾਂ ਵੱਧ ਸੀ ਉਸ ਨੂੰ ਮੁੱਦਾ ਨਾ ਬਣਾਉਂਦੇ, ਓਥੇ ਜਾ ਕੇ ਚਾਰ ਸ਼ਬਦ ਬੋਲਦੇ, ਉਸ ਤੋਂ ਪਹਿਲਾਂ ਜੋ ਉਸ ਦਾ ਨਿਸ਼ਾਨਾ ਸੀ, ਉਦਘਾਟਨ ਸਮਾਰੋਹ ਓਹ ਵੀ ਨਿਭਾਉਂਦੇ। ਇਸ ਨਾਲ ਮੋਦੀ ਸਾਹਿਬ ਦਾ ਕੱਦ ਉੱਚਾ ਹੋਣਾ ਸੀ ਨਾ ਕਿ ਨੀਵਾਂ। ਹੋ ਸਕਦਾ ਸੀ ਕਿ ਇਸ ਨਾਲ ਭਾਜਪਾ ਦੀ ਵੋਟ ਬੈਂਕ 'ਚ ਵਾਧਾ ਵੀ ਹੋ ਜਾਂਦਾ, ਪਰ ਮੋਦੀ ਸਾਹਿਬ ਵੱਲੋਂ ਇਹ ਕਹਿਣਾ ਕਿ 'ਚੰਨੀ ਸਰਕਾਰ ਨੂੰ ਕਹਿ ਦਿਓ ਕਿ ਮੈਂ ਠੀਕ ਠਾਕ ਦਿੱਲੀ ਵਾਪਸ ਜਾ ਰਿਹਾ ਹਾਂ' ਵਰਗੇ ਸ਼ਬਦ ਮੋਦੀ ਜੀ ਨੂੰ ਸ਼ੋਭਾ ਨਹੀਂ ਦਿੰਦੇ। ਇਨ੍ਹਾਂ ਸ਼ਬਦਾਂ ਵਿਚੋਂ ਪੂਰੀ ਤਰ੍ਹਾਂ ਕੋਈ ਸਿਆਸਤ ਝਲਕਦੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਮੂਹਰੇ ਆਪਣਾ ਰੋਸ ਜ਼ਾਹਿਰ ਕਰਨਾ ਲੋਕਾਂ ਦਾ ਹੱਕ ਹੈ ਜੇਕਰ ਲੋਕ ਮੋਦੀ ਸਾਹਿਬ ਨੂੰ ਘੇਰ ਕੇ ਨਾਅਰੇ-ਬਾਜ਼ੀ ਕਰ ਵੀ ਦਿੰਦੇ ਤਾਂ ਵੀ ਇਹ ਲੋਕਾਂ ਦਾ ਗੁਣਾਹ ਨਹੀਂ ਸੀ ਪਰ ਫਿਰ ਵੀ ਇਹ ਜਿਕਰਯੋਗ ਗੱਲ ਹੈ ਕਿ ਪ੍ਰਧਾਨ ਮੰਤਰੀ ਨੂੰ ਕਿਸੇ ਨੇ ਨਹੀਂ ਘੇਰਿਆ, ਮੋਦੀ ਨੇ ਆਪ ਸੜਕੀ ਰੂਟ ਦੀ ਚੋਣ ਕੀਤੀ ਅਤੇ ਇਸ ਦੌਰਾਨ ਹੋ ਰਹੇ ਪ੍ਰਦਰਸ਼ਨਾਂ ਕੋਲ ਉਸ ਨੂੰ 10 ਮਿੰਟ ਰੁਕਣਾ ਪੈ ਗਿਆ। ਕਿਸੇ ਨੇ ਪ੍ਰਧਾਨ ਮੰਤਰੀ ਦੇ ਨੇੜੇ ਜਾਣ ਦੀ ਵੀ ਕੋਸ਼ਿਸ਼ ਨਹੀਂ ਕੀਤੀ।

ਇਤਿਹਾਸ ਗਵਾਹ ਹੈ ਕਿ ਪੰਜਾਬੀ ਕਦੇ ਘਰ ਆਏ ਮਹਿਮਾਣ ਤੇ ਵਾਰ ਨਹੀਂ ਕਰਦੇ ਅਤੇ ਉਨ੍ਹਾਂ ਨੇ ਕਿਸੇ ਦੀ ਪਰਾਉਣ-ਚਾਰੀ ਕਦੇ ਕੋਈ ਕਮੀ ਨਹੀਂ ਛੱਡੀ। ਪਰ ਮੋਦੀ ਸਿਆਸਤਦਾਨ ਹੁੰਦੇ ਹੋਏ ਵੀ ਅਜੇ ਪੰਜਾਬੀਆਂ ਦੇ ਦਿਲ ਨਹੀਂ ਜਿੱਤ ਸਕਿਆ ਹੈ।

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd. No. PUNPUN 04016 | Year 05 | Edition 10 | Issue Date: 09-Jan.-2022

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਸੰਪਾਦਕ : ਕੁਲਵਿੰਦਰ ਤਾਰੇਵਾਲਾ
ਧਾਰਮਿਕ ਸੰਪਾਦਕ : ਸਾਧੂ ਸਿੰਘ ਧੰਮੂ
ਸਾਹਿਤਕ ਸੰਪਾਦਕ : ਜਸਵੀਰ ਪੁੜੈਣ
ਸਹਿ ਸੰਪਾਦਕ : ਇਕਬਾਲ ਖੋਸਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਕਾਨੂੰਨੀ ਸਲਾਹਕਾਰ : ਐਡਵੋਕੇਟ ਨਸੀਬ ਬਾਵਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ




ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਦਰਸ਼ਕਾਂ ਨਾਲ ਸਾਂਝਾ ਕਰੋ!

'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ !

...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜ਼ਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਂਝੀਆਂ ਕਰੋ।

'ਮਹਿਕ ਵਤਨ ਦੀ ਲਾਈਵ' ਆਨਲਾਈਨ ਅਖਬਾਰ, ਵੈਬ ਟੀ.ਵੀ. ਅਤੇ ਮਾਸਿਕ ਮੈਗਜੀਨ ਵਿੱਚ ਬਹੁਤ ਥੋੜੇ ਖਰਚ ਤੇ ਆਪਣੇ ਇਸ਼ਤਿਹਾਰ ਦੇ ਕੇ ਜਿਆਦਾ ਲਾਭ ਪ੍ਰਾਪਤ ਕਰੋ ਜੀ।



Chief Editor: Bhawandeep Singh Purba

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ Web TV
'Mehak Watan Di Live' ● ਲਾਈਵ

ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!

ਪੱਤਰਕਾਰ ਬਨਣ ਲਈ ਅਤੇ ਹਰ ਪ੍ਰਕਾਰ ਦੀ ਜਾਣਕਾਰੀ ਲਈ ਸੰਪਰਕ ਕਰੋ:

Help Line: 9988 92 9988
www.mehakwatandilive.com

__ਵਿਸ਼ੇਸ਼ ਨੋਟ__ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗਰੇਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

__ਲੇਖਕਾਂ ਪ੍ਰਤੀ__ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।

Scanned with CamScanner




# ਅਸੀਂ ਦਸਮੇਸ਼ ਪਿਤਾ ਦੇ ਕੀ ਲੱਗਦੇ ਹਾਂ ?

ਗੁਰਮੇਲ ਸਿੰਘ 'ਬੌਡੇ'

ਹਰ ਸਾਲ ਤੇਰਾ ਅਪ੍ਰੈਲ ਨੂੰ ਵਿਸਾਖੀ ਆਉਂਦੀ ਤੇ ਸਿਆਸੀ ਸ਼ੋਰਗੁਲ ਵਿਚ ਦਮ ਤੋੜ ਕੇ ਲੰਘ ਜਾਂਦੀ ਹੈ। ਦਰਅਸਲ ਇਹ ਸਿਰ ਜੋੜ ਕੇ ਵਿਚਾਰ ਮੰਥਨ ਕਰਨ ਦਾ ਦਿਨ ਹੈ ਨਾ ਕਿ ਮੌਜ ਮੇਲੇ ਦਾ। ਇਹ ਉਹ ਦਿਨ ਹੈ ਜਿਸ ਦਿਨ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਸਤਹੀਣ ਹੋਈ ਲੋਕਾਈ ਨੂੰ ਇਕੱਠੇ ਕਰਕੇ ਉਹਨਾਂ ਅੰਦਰ ਹਕੂਮਤ ਦੇ ਜਬਰ ਖਿਲਾਫ਼ ਹਥਿਆਰਬੰਦ ਲਹਿਰ ਦੀ ਸਿਰਜਣਾ ਕੀਤੀ। ਦੁਨੀਆਂ ਦੇ ਬਾਕੀ ਸਮਾਜਾਂ ਨੇ ਜਾਰਸ਼ਾਹੀ, ਜਾਗੀਰਦਾਰ ਗਲਬੇ 'ਚੋਂ ਲੋਕਾਈ ਨੂੰ ਕੱਢ ਕੇ ਆਰਥਿਕ ਸਮਾਨਤਾ ਦਾ ਸਮਾਜ ਸਿਰਜ ਕੇ ਦਿਖਾ ਦਿੱਤਾ। ਕਹਿੰਦੇ ਨੇ ਕਿ ਕਾਮਰੇਡ ਮਓ ਦੀ ਜੇਬ ਵਿਚ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਹੁੰਦੀ ਸੀ ਜਦ ਕਿ ਅਸੀਂ ਅੱਜ ਵੀ ਉਸ ਤੋਂ, ਗੁਰੂ ਜੀ ਦੇ ਵਿੱਢੇ ਸੰਗਰਾਮ ਤੋਂ ਦੋ ਕਦਮ ਅੱਗੇ ਨਹੀਂ ਸਗੋਂ ਪਿਛਲਖੁਰੀ ਹੀ ਨਹੀਂ ਸਗੋਂ ਬਹੁਤ ਪਿੱਛੇ ਹੱਟ ਕੇ ਤੋਹਮਤਬਾਜੀ ਦੇ ਚਿੱਕੜ ਵਿਚ ਜਾ ਡਿੱਗੇ ਹਾਂ। ਇਸ ਤੋਹਮਤਬਾਜੀ ਦੇ ਚਿੱਕੜ ਗੁਰੂ ਸਾਹਿਬਾਨ ਦੇ ਪ੍ਰਕਾਸ਼ ਉਤਸਵਾਂ ਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬਾਂ ਤੇ ਦੇਖਿਆ ਜਾ ਸਕਦਾ ਹੈ।

ਕੀ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਇਸ ਲਈ ਸਾਜਿਆ ਸੀ ਕਿ ਨਿਹੰਗਾਂ ਦੇ ਟੋਲੇ ਅਨੰਦਪੁਰ ਤੋਂ ਚਲ ਕੇ ਦਮਦਮਾ ਸਾਹਿਬ ਤੇ ਦਮਦਮਾ ਸਾਹਿਬ ਤੋਂ ਅਨੰਦਪੁਰ ਦਾ ਇਕ ਨਾਟਕੀ ਮੰਚਨ ਕਰਨ। ਗੁਰੂ ਸਾਹਿਬ ਨੇ ਸਿਰਫ਼ ਤੇ ਸਿਰਫ਼ ਪੰਜ ਪਿਆਰੇ ਸਾਜੇ ਸਨ ਤੇ ਉਹਨਾਂ ਸੱਚਮੁੱਚ ਦੇ ਗੁਰੂ ਪਿਆਰਿਆਂ ਅੰਦਰ ਅਜਿਹੀ ਚਿਣਗ ਸੀ ਕਿ ਮੁਗ਼ਲਾਂ ਦੀ ਲੱਖਾਂ ਦੀ ਫੌਜ ਦੇ ਪੈਰ ਉਖੜ ਗਏ ਸਨ। ਕੀ ਗੁਰੂ ਸਾਹਿਬਾਨ ਦੇ ਜੋਤੀ ਜੋਤ ਸਮਾਉਣ ਤੇ ਬੰਦਾ ਬਹਾਦਰ ਜੀ ਵੱਲੋਂ ਛੇੜੀ ਜੰਗਾਜੂ ਮੁਹਿਮ ਤੋਂ ਬਾਅਦ ਪੰਜਾਬ ਦੇ ਇਤਿਹਾਸ ਨੂੰ ਅਜਿਹਾ ਪਰਮ ਮਨੁੱਖ ਮਿਲਿਆ ਹੈ ਜੋ ਆਰਥਿਕ ਸਮਾਜਿਕ ਨਾ-ਬਰਾਬਰੀ ਖਿਲਾਫ ਜੰਗ ਸ਼ੁਰੂ ਕਰ ਸਕੇ। ਅਜਿਹਾ ਸੂਰਮਾ ਉਠ ਸਕੇ ਜੋ ਜਾਗੀਰਦਾਰੀ ਨੂੰ ਭੰਨ ਕੇ ਬੰਦਾ ਬਹਾਦਰ ਜੀ ਵਾਂਗ ਕਿਰਤੀ ਵਰਗ ਨੂੰ ਬਰਾਬਰ ਵੰਡ ਕੇ ਦੇ ਸਕੇ। ਇਹ 17ਵੀਂ ਸਦੀ ਦੇ ਦੂਸਰੇ ਅੱਧ ਤੇ ਅਠਾਰਵੀਂ ਸਦੀ ਦੇ ਪਹਿਲੇ ਇਤਿਹਾਸਕ ਵਰਕਿਆਂ ਦਾ ਮਾਮੂਲੀ ਜਿਹਾ ਜ਼ਿਕਰ ਹੈ।

ਇਤਿਹਾਸ ਗਵਾਹ ਹੈ ਕਿ ਗੁਰੂ ਜੀ ਦੇ ਜਿਊਂਦੇ ਜੀ ਮਹਾਂ ਸਿੰਘ ਵਰਗੇ ਉਹਨਾਂ ਨੂੰ ਬਿਪਤਾ ਸਮੇਂ ਛੱਡ ਕੇ ਚਲੇ ਗਏ ਤੇ ਮਾਈ ਭਾਗੋ ਜਿਹੀਆਂ ਵੀਰਾਂਗਣਾਂ ਦੀ ਬਦੌਲਤ ਖਿਦਰਾਣੇ ਦੀ ਢਾਬ ਤੇ ਰੁੱਸੀਆਂ ਧਿਰਾਂ ਦਾ ਮੇਲ ਕਰਵਾ ਕੇ ਬੇਦਾਵਾ ਪੜਵਾ ਕੇ ਸ੍ਰੀ ਮੁਕਤਸਰ ਸਾਹਿਬ ਦੇ ਨਾਮ ਦੀ ਅਧਾਰਸ਼ਿਲਾ ਰੱਖੀ। ਇਤਿਹਾਸ ਨੇ ਫਿਰ ਆਪਣੇ ਆਪ ਨੂੰ ਦੁਹਰਾਇਆ ਜਦ ਬਾਬਾ ਬਾਜ ਸਿੰਘ ਤੇ ਵਿਨੋਦ ਸਿੰਘ ਵਰਗੇ ਬੰਦਾ ਬਹਾਦਰ ਦਾ ਗੁਰਦਾਸ ਜੰਗਲ ਦੇ ਘੇਰੇ 'ਚੋਂ ਸਾਥ ਛੱਡ ਕੇ ਚਲੇ ਗਏ ਸਨ। ਡਾ. ਹਰਚੰਦ ਸਿੰਘ ਸਰਹਿੰਦੀ ਦੇ ਖੋਜ ਲੇਖ ਅਨੁਸਾਰ ਉਹਨਾਂ ਮੁਗ਼ਲਾਂ ਦੀ ਚਾਕਰੀ ਵੀ ਕੀਤੀ। ਕਹਿਣ ਦਾ ਭਾਵ ਕਿ ਗੁਰੂ ਸਾਹਿਬ ਦੇ ਸਮੇਂ ਵੀ ਸਿੱਖੀ ਦੇ ਖੇਤ ਵਿਚ ਨਾਂ-ਸ਼ੁਕਰਿਆਂ ਦੀ ਕਾਂਗਿਆਰੀ ਮੌਜੂਦ ਸੀ। ਅੱਜ 316ਵੀਂ ਵੈਸਾਖੀ ਤੇ ਤਾਂ ਇੰਜ ਲੱਗਦਾ ਕਿ ਸਿੱਖੀ ਦਾ ਕੋਈ ਬੂਟਾ ਕੋਈ ਬੂਟ ਹਰਿਆ ਰਹੀਓ ਕੇ ਵਾਂਗ ਕੋਈ ਹੋਵੇਗਾ ਗੁਰੂ ਦਾ ਸਿੰਘ ਜੋ ਅੱਜ ਦੇ ਦਿਨ ਤੇ ਵਿਚਾਰਾਂ ਬੇਬਸੀ ਦੀਆਂ ਕਚੀਚੀਆਂ ਲੈਂਦਾ ਆਪਣਾ ਆਪ ਖਪਾ ਰਿਹਾ ਹੋਵੇ।

ਕੀ ਕਦੇ ਸੋਚਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਆਪਣਾ ਖ਼ੂਨ ਦੇ ਕੇ ਸਿਰਜੀ ਸਿੱਖੀ ਨੂੰ ਇਲੈਕਟ੍ਰੋਨਿਕ ਮੀਡੀਏ ਰਾਹੀਂ ਜਾਂ ਪ੍ਰਿੰਟ ਮੀਡੀਏ ਰਾਹੀਂ ਕਿਵੇਂ ਪੇਸ਼ ਕੀਤਾ ਜਾਂਦਾ ਹੈ। ਟੈਲੀਵਿਜ਼ਨ ਤੇ ਨਿਹੰਗ ਹਵਾ 'ਚ ਤਲਵਾਰਾਂ ਲਹਿਰਾਉਂਦੇ ਹਨ, ਚੱਕਰ ਘੁੰਮਾਉਂਦੇ ਹਨ, ਨਗਾਰੇ ਦੀ ਤੌਹੀਨ ਕਰਦੇ ਹਨ। ਇਹ ਸਭ ਕਿਸ ਹਕੂਮਤ ਦੇ ਖਿਲਾਫ਼ ਜੰਗ ਛੇੜਨ ਲਈ ਕੀਤਾ ਜਾਂਦਾ ਹੈ? ਜਾਂ ਕੋਈ ਸੱਤ-ਅੱਠ ਸੌ ਮੀਟਰ ਦੀ ਪੱਗ ਬੰਨ੍ਹੀ ਖੜ੍ਹੇ ਗੁਰੂ ਕੇ ਸਿੱਖ (ਨਿਹੰਗ) ਦੀ ਤਸਵੀਰ ਦਿਖਾ ਕੇ ਮੌਜੂਦ ਉਡਾਇਆ ਜਾਂਦਾ ਹੈ। ਕੀ ਗੁਰੂ ਸਾਹਿਬ ਨੇ ਸੱਤ ਸੌ ਮੀਟਰ ਦੀਆਂ ਦਸਤਾਰਾਂ ਸਜਾ ਕੇ ਮੁਗ਼ਲਾਂ ਖਿਲਾਫ਼ ਲੜਾਈ ਦਿੱਤੀ ਸੀ? ਉਹਨਾਂ ਨੇ ਤਾਂ ਘੋੜ ਸਵਾਰੀ, ਤੀਰਅੰਦਾਜ਼ੀ ਤੇ ਬਰਛੇ-ਨੇਜੇ ਚਲਾਉਣ ਦੀ ਸਿਖਲਾਈ ਦਿੱਤੀ ਸੀ ਜਿਸਨੂੰ ਉਸਦੇ ਸਿੰਘ ਬਚਿੱਤਰ ਸਿੰਘ ਨੇ ਸ਼ਰਾਬੀ ਹਾਥੀ ਦੇ ਮੱਥੇ ਤੇ ਬੰਨੇ ਲੋਹੇ ਦੇ ਕਵਚ ਨੂੰ ਵਿੰਨ ਕੇ ਹਾਥੀ ਨੂੰ ਪਿਛਲ ਖੁਰੀ ਮੁੜਨ ਲਗਾ ਦਿੱਤਾ ਸੀ। ਕੀ ਇਹ ਸ਼ਕਤੀ ਅੱਜ ਨੌਤੀ ਸੌ ਪ੍ਰਚਾਰਕਾਂ ਕੋਲ, ਕੀਰਤਨੀਆਂ ਜੱਥਿਆਂ ਕੋਲ ਜਾਂ ਗੁਰੂ ਸਾਹਿਬ ਦੀ ਬਾਣੀ ਵੇਚ ਕੇ ਖਾਣ ਵਾਲਿਆਂ ਕੋਲ ਹੈ? ਇਹ ਦੇਖ ਹਰ ਚੇਤੰਨ ਜਿਹਨ 'ਚ ਇਹ ਸਵਾਲ ਉਠਦਾ ਹੈ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਕੀ ਲੱਗਦੇ ਹਾਂ?



ਅਸੀਂ ਤਾਂ ਗੁਰੂ ਸਾਹਿਬ ਦੇ ਉਸ ਸਮੇਂ ਵੀ ਨਹੀਂ ਬਣ ਸਕੇ ਜਦ ਗੁਰੂ ਸਾਹਿਬ ਆਪਣੇ ਸਿੰਘਾਂ ਨੂੰ ਕੁਝ ਹਦਾਇਤਾਂ ਦੇ ਕੇ ਗਏ ਸਨ ਜਿਨ੍ਹਾਂ ਦੀ ਉਹਨਾਂ ਉਸੇ ਸਮੇਂ ਤੋਂ ਉਲੰਘਣਾ ਕਰਨੀ ਸ਼ੁਰੂ ਕਰ ਦਿੱਤੀ ਸੀ ਤੇ ਅਜਿਹੇ ਹੀ ਸਿੱਖਾਂ ਨੇ ਬੰਦਾ ਸਿੰਘ ਬਹਾਦਰ ਤੇ ਉਂਝਾਂ ਲਾਈਆਂ ਤੇ ਬਦਨਾਮ ਕੀਤਾ ਤਾਂ ਜੋ ਉਹਨਾਂ ਦੀਆਂ ਖੁਨਾਮੀਆਂ ਤੇ ਪਰਦਾ ਪਿਆ ਰਹੇ। ਸਭ ਤੋਂ ਪਹਿਲਾਂ ਤਾਂ ਉਸ ਸਮੇਂ ਨੂੰ ਲੈਂਦੇ ਹਾਂ ਜਦ 1699 ਵਿਚ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਣਾ ਲਈ ਸਿਰਾਂ ਦੀ ਮੰਗ ਕੀਤੀ ਤਾਂ ਸਾਰੇ ਪੰਡਾਲ ਵਿਚ ਹਾਹਾਕਾਰ ਮੱਚ ਗਈ ਕਿ ਗੁਰੂ ਸਾਹਿਬ ਤਾਂ ਆਪਣੇ ਹੀ ਸਿੱਖਾਂ ਨੂੰ ਵੱਢਣ ਲੱਗ ਪਏ ਹਨ। ਗੁਰੂ ਜੀ ਪਾਗਲ ਹੋ ਗਏ ਹਨ ਕਈ ਸਿੰਘ ਇਹ ਸ਼ਿਕਾਇਤ ਲੈ ਕੇ ਮਾਤਾ ਗੁਜਰ ਕੌਰ ਕੋਲ ਵੀ ਗਏ। ਮਾਤਾ ਗੁਜਰ ਕੌਰ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਹਿੰਦ ਦੀ ਚਾਦਰ ਬਣਾ ਕੇ ਸ਼ਹਾਦਤ ਲਈ ਤੋਰਿਆ ਸੀ। ਉਹਨਾਂ ਚੱਪਾ ਚੱਪਾ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੀ ਪਰਵਰਿਸ਼ ਕੀਤੀ ਸੀ। ਸੰਘਰਸ਼ਾਂ ਭਰੇ ਜੀਵਨ 'ਚੋਂ ਲੰਘੇ ਤਜ਼ਰਬੇ ਕਾਰਨ ਉਹਨਾਂ ਨੂੰ ਅਹਿਸਾਸ ਕਿ ਇਸ ਮੰਗ ਪਿੱਛੇ ਵੀ ਗੁਰੂ ਸਾਹਿਬ ਦਾ ਲੋਕਾਈ ਲਈ ਕੋਈ ਮਨੋਰਥ ਹੈ ਜੋ ਮਨੁੱਖਤਾ ਲਈ ਉਸਾਰੂ ਇਤਿਹਾਸ ਸਿਰਜੇਗਾ।

ਖ਼ਾਲਸਾ ਪੰਥ ਦੀ ਸਿਰਜਣਾ ਹੋਈ। ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਮਹੀਨਿਆਂਬੱਧੀ ਘੇਰਾ ਪਿਆ। ਗੁਰੂ ਸਾਹਿਬ ਦੇ ਪਿਆਰੇ ਸਿੰਘ, ਰਿਸ਼ਤੇਦਾਰ ਤੇ ਬਹੁਤ ਪਿਆਰੇ ਸਾਹਿਬਜ਼ਾਦੇ ਹਕੂਮਤ ਨਾਲ ਬਹਾਦਰੀ ਨਾਲ ਮੁਕਾਬਲਾ ਕਰਦੇ ਹੋਏ ਆਪਣਾ ਜੀਵਨ ਕੁਰਬਾਨ ਕਰ ਗਏ। ਪਰਿਵਾਰ ਵਿਛੋੜਾ ਪੈ ਚੁੱਕਾ ਸੀ। ਮਾਛੀਵਾੜੇ ਦੇ ਜੰਗਲਾਂ ਵਿਚ ਗੁਰੂ ਸਾਹਿਬ 'ਮੇਰਾ ਮੁਝ ਮੇਂ ਕਿਛੁ ਨਾਹਿ ਜੋ ਕਿਛ ਹੈ ਸੋ, ਤੇਰਾ ਤੇਰਾ ਤੁਝ ਕੋ ਸੌਂਪ ਕੇ ਕਿਆ ਲਾਗੇ ਮੇਰਾ॥' ਦਾ ਉਚਾਰਨ ਕਰਕੇ ਸਹਿਜ ਹੋ ਚੁੱਕੇ ਸਨ। ਛੋਟੇ ਸਾਹਿਬਜ਼ਾਦੇ ਦਾਦੀ ਜੀ (ਮਾਤਾ ਗੁੱਜਰ ਕੌਰ ਨਾਲ) ਗੰਗੂ ਦੇ ਘਰ ਆ ਗਏ ਤੇ ਉਸ ਦੀ ਬਦਨੀਤੀ ਕਾਰਨ ਸਰਹੰਦ ਦੀਆਂ ਨੀਂਹਾਂ ਵਿਚ ਆਪਣੀ ਆਹੂਤੀ ਦੇ ਗਏ। ਮਾਛੀਵਾੜੇ ਦੇ ਜੰਗਲਾਂ 'ਚੋਂ ਹੀ ਹੁੰਦੇ ਹੋਏ ਚਮਕੌਰ ਸਾਹਿਬ, ਰਾਏਕੋਟ, ਤਖਤੂਪੁਰਾ, ਮਧੇਕੇ, ਦੀਨਾ ਸਾਹਿਬ ਤੇ ਖਿਦਰਾਣੇ ਦੀ ਢਾਬ ਤੱਕ ਦਾ ਸਫ਼ਰ ਤਹਿ ਕਰਦੇ ਹੋਏ ਨਾਂਦੇੜ ਸਾਹਿਬ ਵੱਲ ਚਲੇ ਗਏ।

ਉਸ ਸਮੇਂ ਪੰਜਾਬੀ ਕੌਮ ਸੰਗਰਾਮੀ ਬਣਨ ਦੀ ਥਾਂ ਹਕੂਮਤੀ ਜਬਰ ਨੂੰ ਦੇਖ ਕੇ ਜਾਂ ਸੁਣ ਕੇ ਜਿਵੇਂ ਮਿੱਠਾ ਮਹਿਰਾ ਨੂੰ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿਚ ਨਿੱਘਾ ਦੁੱਧ ਪਿਲਾਉਣ ਬਦਲੇ ਉਸ ਦੇ ਪਰਿਵਾਰ ਨੂੰ ਘੁਲਾੜੀ ਵਿਚੋਂ ਦੀ ਲੰਘਦੇ ਗੰਨੇ ਵਾਂਗ ਨਪੀੜ ਦਿੱਤਾ ਸੀ। ਇਹ ਮਹਿਸੂਸ ਕਰਕੇ ਅਸੀਂ ਪੰਜਾਬੀਆਂ ਨੇ ਜੋ ਕਹਿੰਦੇ ਹਾਂ ਕਿ ਗੁਰੂ ਸਾਡਾ ਹੈ ਉਸ ਵਾਸਤੇ ਦਰ ਬੰਦ ਕਰ ਦਿੱਤੇ ਸਨ। ਕਈਆਂ ਨੇ ਤਾਂ ਇਹ ਸੋਚ ਲਿਆ ਸੀ ਕਿ ਗੁਰੂ ਸਾਹਿਬ ਨੇ ਆਂਦੇ ਪੁੱਤਰ ਤਾਂ ਹਕੂਮਤ ਹੱਥੋਂ ਸ਼ਹੀਦ ਕਰਵਾ ਲਏ ਹਨ ਕਿਤੇ ਇਹਨਾਂ ਨੂੰ ਪਨਾਹ ਦੇਣ ਬਦਲੇ ਉਹਨਾਂ ਦੇ ਪੁੱਤਰ ਨਾ ਮਾਰੇ ਜਾਣ। ਦਿਲ ਤੇ ਹੱਥ ਧਰ ਕੇ ਇਹ ਸੋਚ ਕੇ ਦੱਸੋ ਕਿ ਅਸੀਂ ਗੁਰੂ ਸਾਹਿਬ ਦੇ ਕੀ ਲੱਗਦੇ ਹਾਂ? ਜੇ ਉਸ ਸਮੇਂ ਲੋਕਾਂ ਵਿਚ ਕਣ ਹੁੰਦਾ ਤਾਂ ਲੋਕ ਉਨ੍ਹਾਂ ਨੂੰ ਤੱਤੀ ਵਾਅ ਨਾ ਲੱਗਣ ਦਿੰਦੇ ਫੁੱਲਾਂ ਵਾਂਗ ਸਾਂਭ ਲੈਂਦੇ ਤੇ ਉਹਨਾਂ ਨੂੰ ਸਰਹੰਦ ਦਾ ਬਦਲਾ ਲੈਣ ਲਈ ਨਵੇਂ ਸਿੰਘ ਸਰਮੇ ਦੀ ਸਿਰਜਣਾ ਲਈ ਦੱਖਣ ਵੱਲ ਨਾ ਜਾਣਾ ਪੈਂਦਾ। ਜ਼ਰਾ ਸੋਚੋ ਕਿ ਅਸੀਂ ਮੁਸਲਮਾਨਾਂ ਪ੍ਰਤੀ ਨਫ਼ਰਤ ਤਾਂ ਬਹੁਤ ਫੈਲਾਈ ਜਾ ਰਹੇ ਹਾਂ ਤੇ ਗੁਰੂ ਦਾ ਨਾਂ ਲੈ ਕੇ ਗਲਤ ਤੋਹਮਤ ਲਗਾ ਰਹੇ ਹਾਂ ਕਿ ਗੁਰੂ ਸਾਹਿਬ ਨੇ ਤੇਲ ਵਿਚ ਬਾਂਹ ਲਿਬੇੜ ਕੇ ਤਿਲਾਂ ਤੇ ਰੱਖ ਦਿੱਤੀ ਤੇ ਕਿਹਾ ਕਿ ਜੇ ਮੁਸਲਮਾਨ ਐਨੀਆਂ ਕਸਮਾਂ ਖਾਣ ਤਾਂ ਵੀ ਮੁਸਲਮਾਨਾਂ ਤੇ ਵਿਸ਼ਵਾਸ ਨਾ ਕਰੋ। ਇਹ ਇਕ ਆਪੂੰ ਘੜੀ ਕਹਾਣੀ ਹੈ ਜਿਸਨੂੰ ਰਾਗੀ ਢਾਡੀ ਗਾ ਕੇ ਜਿਥੇ ਪੈਸਾ ਕਮਾ ਰਹੇ ਹਨ ਉਥੇ ਸਾਡੀ ਜਹਿਨੀਅਤ ਵਿਚ ਨਫ਼ਰਤ ਵੀ ਭਰ ਰਹੇ ਹਨ। ਜੇ ਅਜਿਹਾ ਹੁੰਦਾ ਤਾਂ ਗੁਰੂ ਸਾਹਿਬ ਪ੍ਰਿਥੀਏ ਵਰਗੇ ਗੁਰੂ ਘਰ ਦੇ ਸਪੁੱਤਰਾਂ ਤੇ ਰਾਮ ਰਾਇ ਵਰਗਿਆਂ ਬਾਰੇ ਵੀ ਕੋਈ ਅਜਿਹੀ ਧਾਰਨਾ ਦੇ ਸਕਦੇ ਸੀ। ਦੂਸਰੇ ਪਾਸੇ ਇਤਿਹਾਸ ਵੱਲ ਨਜ਼ਰ ਮਾਰੋ ਤੇ ਦੇਖੋ ਕਿ ਕੀ ਗੁਰੂ ਸਾਹਿਬ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ ਕਿਸੇ ਸਿੱਖ ਨੇ ਦਿੱਤੀ ਸੀ। ਨਹੀਂ ਸਗੋਂ ਮੁਸਲਮਾਨ ਨੂਰੇ ਮਾਹੀ ਨੇ ਦਿੱਤੀ ਸੀ। ਜੇ ਪੀਰ ਬੱਧੂ ਸ਼ਾਹ, ਗਨੀ ਖਾਂ ਤੇ ਨਬੀ ਖਾਂ ਵਰਗੇ ਸਾਥੀ ਜਿੰਨਾਂ ਦੀ ਅਹਿਮੀਅਤ ਪੰਜਾਂ ਪਿਆਰਿਆਂ ਵਰਗੀ ਕੁਰਬਾਨੀ ਤੋਂ ਘੱਟ ਨਹੀਂ ਸੀ ਗੁਰੂ ਸਾਹਿਬ ਕੋਲ ਨਾ ਹੁੰਦੇ ਤਾਂ ਗੁਰੂ ਸਾਹਿਬ ਦੀ ਜਬਰ ਜ਼ੁਲਮ ਵਿਰੁੱਧ ਵਿੱਢੀ ਲੜਾਈ ਕਿੰਨੀ ਕਮਜ਼ੋਰ ਪੈ ਜਾਣੀ ਸੀ। ਗੁਰੂ ਸਾਹਿਬ ਨੇ ਕਦੇ ਵੀ ਮੁਸਲਮਾਨਾਂ ਪ੍ਰਤੀ ਨਫ਼ਰਤ ਜ਼ਾਹਰ ਨਹੀਂ ਕੀਤੀ। ਉਹ ਤਾਂ ਸਭੇ ਸਾਂਝੀਵਾਲ ਸਦਾਇ ਕੋਈ ਨਾ ਦਿਸੈ ਬਾਹਰਾ ਜੀਉ॥ ਦੇ ਧਾਰਨੀ ਸਨ ਜੋ ਕਿ ਅੱਜ ਦੇ ਸਿੱਖ ਨਹੀਂ ਹਨ। ਗੁਰੂ ਸਾਹਿਬ ਨੇ ਕਦੇ ਵੀ ਮੁਸਲਮਾਨਾਂ ਦਾ ਝੰਡਾ ਨਹੀਂ ਫਾੜਿਆ ਨਾ ਕਿਸੇ ਮਸਜਿਦ ਦੀ ਤੌਹਾਨ ਕੀਤੀ। ਤੇ ਸਾਰੇ 1947 ਦੇ ਸਿੱਖ ਤਾਰਾ ਸਿੰਘ ਵਰਗਿਆਂ ਨੇ ਪਾਕਿਸਤਾਨ ਦਾ ਝੰਡਾ ਤਲਵਾਰ ਨਾਲ ਪਾੜ ਕੇ ਸਿੱਖ ਕੌਮ ਨੂੰ ਅਜਿਹੇ ਤਾਰੇ ਦਿਖਾਏ ਕਿ ਲੱਖਾਂ ਸਿੱਖਾਂ ਹਿੰਦੂਆਂ ਤੇ ਮੁਸਲਮਾਨਾਂ ਦਾ ਕਤਲੇਆਮ ਹੋਇਆ।

ਇਕ ਪਾਸੇ ਜਦ ਗੁਰੂ ਗੋਬਿੰਦ ਸਿੰਘ ਜੀ ਦਾ ਮੁਗ਼ਲ ਫੌਜ ਪਿੱਛਾ ਕਰ ਰਹੀ ਸੀ ਤਾਂ ਉਹਨਾਂ ਦੇ ਹਮਦਰਦ ਸਾਥੀ ਜੋ ਚੌਧਰੀ ਸੀ ਉਸ ਨੂੰ ਗੁਰੂ ਜੀ ਨੇ ਆਪਣੀ ਬੇਟੀ ਦੇ ਕਮਰੇ ਵਿਚ ਸੁਲਾਇਆ ਤੇ ਮੁਗ਼ਲ ਫੌਜ ਵੱਲੋਂ ਉਸ ਕਮਰੇ ਦੀ ਤਲਾਸ਼ੀ ਕਰਨ ਤੇ ਉਨ੍ਹਾਂ ਕਿਹਾ ਕਿ "ਇਸ ਕਮਰੇ ਦੀ ਤਲਾਸ਼ੀ ਨਾ ਲਈ ਜਾਵੇ ਇਸ ਕਮਰੇ ਵਿਚ ਮੇਰੀ ਧੀ ਤੇ ਉਸ ਦਾ ਖਾਵੰਦ ਆਰਾਮ ਫੁਰਮਾ ਰਹੇ ਹਨ।" ਸਵਾਲ ਪੈਦਾ ਹੁੰਦਾ ਹੈ ਕਿ ਉਸ ਸਮੇਂ ਦੇ ਪੰਜਾਬ 'ਚੋਂ ਸਾਨੂੰ ਕਿਸੇ ਅਜਿਹੇ ਸਿੱਖ ਦੀ ਉਦਾਹਰਣ ਕਿਉਂ ਨਹੀਂ ਮਿਲਦੀ ਜਿਸਨੂੰ ਕਿ ਇਸ ਚੌਧਰੀ ਵਰਗਾ ਨਾਮਣਾ ਖੱਟਣ ਦਾ ਭਾਗ ਪ੍ਰਾਪਤ ਹੁੰਦਾ। ਦਰਅਸਲ ਗੁਰੂ ਸਾਹਿਬ ਦੇ ਅਜਿਹੇ ਸਾਥੀ ਸ਼ੇਰੇ ਪੰਜਾਬ ਹਨ। ਨਾ ਕਿ ਉਹ ਸ਼ੇਰੇ ਪੰਜਾਬ ਹਨ ਜੋ ਮੋਟੀ ਅਫੀਮ ਖਾਂਦੇ ਸਨ, ਸ਼ਰਾਬ ਪੀਂਦੇ ਸਨ ਤੇ ਆਪਣੇ ਘੋੜਿਆਂ ਤੇ ਖਰ ਖਰਾ ਕਰਨ ਵਾਲੇ ਦੀ ਤੇਰਾਂ ਸਾਲ ਦੀ ਬੇਟੀ ਨੂੰ ਪੰਜਾਹ ਸਾਲ ਤੋਂ ਵੱਧ ਦੀ ਉਮਰ ਭੋਗ ਕੇ ਆਪਣੇ ਹਰਮ ਵਿਚ ਲੈ ਆਉਂਦੇ ਸਨ ਤੇ ਉਸਦੀ ਫੌਜ ਜਿਸਨੂੰ ਖ਼ਾਲਸਾ ਫੌਜ ਨਹੀਂ ਅਕਬਰ ਵਰਗੀ ਫੌਜ ਕਹਿ ਸਕਦੇ ਹਾਂ ਜਿਸਨੇ ਜੈ ਮੱਲ ਤੇ ਫੀਤਾ ਚੰਦ ਤੋਂ ਧੀ ਦਾ ਡੋਲਾ ਮੰਗਿਆ ਸੀ ਤੇ ਉਹਨਾਂ ਵੱਲੋਂ ਇਨਕਾਰ ਕਰਨ ਤੇ ਉਹਨਾਂ ਦਾ ਕਤਲ ਕਰ ਦਿੱਤਾ ਸੀ। ਉਸੇ ਤਰ੍ਹਾਂ ਸ਼ੇਰੇ ਪੰਜਾਬ ਦੀ ਫੌਜ ਨੇ 13 ਸਾਲ ਦੀ ਬਾਲੜੀ ਨੂੰ ਜਬਰੀ ਲਿਜਾਣ ਤੇ ਵਿਰੋਧ ਕਰਨ ਤੇ ਕਤਲ ਕਰ ਦਿੱਤਾ ਸੀ। ਦੋਹਾਂ ਘਟਨਾਵਾਂ ਵਿਚ ਸਮਾਨਤਾ ਹੈ। ਦਿਲ ਤੇ ਹੱਥ ਰੱਖ ਕੇ ਸੋਚਿਓ ਕਿ ਅਕਬਰ ਦੀ ਫੌਜ ਦੀ ਕਰਤੂਤ ਵਿਚ ਤੇ ਸ਼ੇਰੇ ਪੰਜਾਬ ਦੀ ਖ਼ਾਲਸਾ ਫੌਜ ਦੀ ਕਰਤੂਤ ਵਿਚ ਕੀ ਫ਼ਰਕ ਰਹਿ ਗਿਆ? ਗੁਰੂ ਗੋਬਿੰਦ ਸਿੰਘ ਜੀ ਦੇ ਉਸ ਸਿਧਾਂਤ ਦੀ ਕੋਈ ਵੀ ਸੱਚਾ ਸਿੱਖ ਪਰਾਈ ਔਰਤ ਜਾਂ ਬੱਚੀ ਤੇ ਹੱਥ ਨਹੀਂ ਚੁੱਕੇਗਾ। ਇਸ ਤਰ੍ਹਾਂ ਪੰਜਾਬ ਦਾ ਸਿੱਖ ਰਾਜ ਵੀ ਪੰਜਾਬ ਵਿਚ ਗੁਰੂ ਸਿਧਾਂਤਾਂ ਦੀ ਰੱਖਿਆ ਨਹੀਂ ਕਰ ਸਕਿਆ। ਸਵਾਲ ਪੈਦਾ ਹੁੰਦਾ ਹੈ ਕਿ ਜੇ ਮੁਗ਼ਲ ਆਪਣੇ ਰਾਜ ਦੌਰਾਨ ਮੁਗਲ ਕਦਰਾਂ-ਕੀਮਤਾਂ ਧੱਕੇ ਨਾਲ ਠੋਸ ਸਕਦੇ ਹਨ ਤਾਂ ਪੰਜਾਬੀਆਂ ਦੇ ਆਪਣੇ ਰਾਜ ਵਿਚ ਇਹ ਧੱਜੀਆਂ ਕਿਉਂ ਉਡੀਆਂ?

ਜਦ ਗੁਰੂ ਸਾਹਿਬ ਦਾ ਅੰਤਿਮ ਸਮਾਂ ਆਇਆ ਤਾਂ ਉਨ੍ਹਾਂ ਆਪਣੇ ਸਿੱਖਾਂ ਨੂੰ ਹਦਾਇਤ ਕੀਤੀ ਸੀ ਕਿ ਉਹਨਾਂ ਦਾ ਅੰਗੀਠਾ ਨਾ ਫਰੋਲਿਆ ਜਾਵੇ। ਜਦ ਕਿ ਉਹਨਾਂ ਦੇ ਹੁਕਮਾਂ ਦੀ ਉਲੰਘਣਾ ਕਰਦਿਆਂ ਅੰਗੀਠਾ ਫਰੋਲਿਆ ਗਿਆ। ਕੀ ਕਦੇ ਅਸੀਂ ਸਿਰ ਜੋੜ ਕੇ ਇਹਨਾਂ ਗੱਲਾਂ ਦਾ ਚਿੰਤਨ ਕੀਤਾ ਹੈ। ਜਲ੍ਹਿਆਂਵਾਲੇ ਬਾਗ ਦੀ ਘਟਨਾ ਦਾ ਸਬੰਧ ਵੀ ਵਿਸਾਖੀ ਨਾਲ ਜੁੜਦਾ ਹੈ। ਜਦ ਜਨਰਲ ਡਾਇਰ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਪੰਜਾਬੀ ਲੋਕਾਂ ਦਾ ਕਤਲੇਆਮ ਕੀਤਾ। ਊਧਮ ਸਿੰਘ ਨੇ ਉਸ ਰੱਤ ਰੰਗੀ ਮਿੱਟੀ ਦੀ ਕਸਮ ਖਾਧੀ ਕਿ ਮੈਂ ਇਸ ਦਾ ਬਦਲਾ ਲਵਾਂਗਾ। ਸ਼ਹੀਦ ਭਗਤ ਸਿੰਘ ਨੇ ਵੀ ਬਾਲ ਅਵਸਥਾ 13-17 ਸਾਲ ਦੀ ਉਮਰ ਵਿਚ ਇਸ ਜਗ੍ਹਾ ਤੇ ਆ ਕੇ ਅੱਖਾਂ 'ਚ ਹਕੂਮਤ ਪ੍ਰਤੀ ਬਗਾਵਤ ਦੀ ਚਿਣਗ ਭਰੀ। ਇਸ ਤਰ੍ਹਾਂ ਊਧਮ ਸਿੰਘ, ਰਾਜਗੁਰੂ, ਸੁਖਦੇਵ, ਭਗਤ ਸਿੰਘ ਦੀ ਸਿਰਫ਼ ਪੰਜਾਬ ਤੇ ਸਿਰਫ਼ ਸਿੱਖਾਂ ਦੇ ਸ਼ਹੀਦ ਨਹੀਂ ਤੇ ਨਾ ਹੀ ਭਾਰਤ ਦੇ ਸ਼ਹੀਦ ਬਲਕਿ ਪਾਕਿਸਤਾਨ ਦੇ ਅਵਾਮ ਦੇ ਵੀ ਸ਼ਹੀਦ ਹਨ।

ਸਿੱਖ ਇਤਿਹਾਸ ਦੇ ਲੰਘ ਚੁੱਕੇ ਜਾਂ ਵਰਤਮਾਨ ਸਾਲਾਂ ਦੀ ਗਿਣਤੀ ਤਾਂ ਇਹਨਾਂ ਕੀਤੀ ਹੈ। ਜਿਥੇ 2004 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਚਾਰ ਸੌ ਸਾਲਾ ਦਿਵਸ ਮਨਾਇਆ ਗਿਆ। 1999 ਨੂੰ ਖ਼ਾਲਸਾ ਪੰਥ ਦੀ 300 ਸਾਲਾਂ ਵਰ੍ਹੇਗੰਢ ਮਨਾਈ ਗਈ ਪਰ ਸਵਾਲ ਪੈਦਾ ਹੁੰਦਾ ਹੈ ਕਿ ਅਮਲੀ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਕਿਹੜਾ ਸਿਧਾਂਤ ਇਹਨਾਂ ਨੇ ਮਨਾਇਆ ਹੈ ਜਾਂ ਅਪਣਾਇਆ ਹੈ। ਕੀ ਗੁਰੂ ਸਾਹਿਬਾਨ ਨੇ ਬਾਣੀ ਜਾਂ ਸਿੱਖੀ ਚਿੰਨ੍ਹ ਵੇਚਣ ਲਈ ਬਖਸ਼ੇ ਸਨ? ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਟਕਾ ਸਾਹਿਬ, ਸ੍ਰੀ ਸਾਹਿਬ ਦੀ ਸ਼ਰੇਆਮ ਤਜਾਰਤ ਹੋ ਰਹੀ ਹੈ ਜਿਨ੍ਹਾਂ ਨਾਲ ਭੇਟਾ ਲਈ ਜਾ ਰਹੀ ਹੈ। ਪ੍ਰਸ਼ਾਦ ਵੇਚਿਆ ਜਾ ਰਿਹਾ ਹੈ। ਗੋਲਕਾਂ ਆਫਰੀਆਂ ਪਈਆਂ ਹਨ। ਅਰਬਾਂ

Scanned with CamScanner

ਖਰਬਾਂ ਦਾ ਗੋਲਕ ਬਜਟ ਹੈ। ਗੁਰੂ ਸਾਹਿਬ ਨੇ ਤਾਂ ਗੋਲਕ ਨੂੰ ਗਰੀਬਾਂ ਦਾ ਮੂੰਹ ਕਿਹਾ ਹੈ। ਇਹ ਗਰੀਬ ਦੇ ਮੂੰਹੋਂ ਗਰਾਹੀ ਕੱਢ ਕੇ ਗੋਲਕਾਂ 'ਚ ਪਾ ਰਹੇ ਹਨ। ਗੁਰੂ ਸਾਹਿਬਾਨ ਨਾਲ ਸਬੰਧਿਤ ਦਿਵਸਾਂ ਤੇ ਰੇਹੜੀਆਂ ਤੇ ਮਰੂੰਡਾ, ਗੱਚਕ, ਕਿੰਨੂ, ਮੂੰਗਫਲੀ, ਆਗਰੇ ਦਾ ਪੇਠਾ ਵੇਚਣ ਵਾਲੇ ਕੌਣ ਹੁੰਦੇ ਹਨ? ਬੱਚਿਆਂ ਲਈ ਗੁਬਾਰੇ ਵੇਚਣ ਵਾਲੇ ਵੀ ਗਰੀਬ ਹੁੰਦੇ ਹਨ ਪਰ ਗੁਰਦੁਆਰਿਆਂ ਦੀਆਂ ਪ੍ਰਬੰਧਕੀ ਕਮੇਟੀਆਂ ਪ੍ਰਤੀ ਵਰਗ ਫੁੱਟ ਥਾਂ ਇਕ ਦੋ ਦਿਨ ਲਈ ਵੇਚ ਕੇ ਪੈਸੇ ਬਟੋਰ ਰਹੀਆਂ ਹਨ। ਖੁਦ ਕਰੋੜਾਂ ਰੁਪਈਆ ਕਾਰਾਂ ਦੇ ਤੇਲ ਵਿਚ ਫੂਕ ਰਹੀਆਂ ਹਨ। ਕੋਈ ਦੱਸੇ ਤਾਂ ਸਹੀ ਇਸ ਵਰਤਾਰੇ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਕਿਹੜਾ ਸਿਧਾਂਤ ਅਮਲ 'ਚ ਲਿਆਂਦਾ ਹੈ। ਹਾਂ ਡਰਾਮੇਬਾਜੀ ਜ਼ਰੂਰ ਕਰ ਰਹੇ ਹਾਂ ਉਹ ਵੀ ਗੁਰੂ ਸਿਧਾਂਤ ਨਾਲ। ਗੁਰੂ ਨਾਨਕ ਦੇਵ ਜੀ ਨੇ 'ਬਲਿਹਾਰੀ ਕੁਦਰਤ ਵਸਿਆ' ਦਾ ਸੰਕਲਪ ਤੇ ਫੁੱਲ ਬੂਟਿਆਂ ਦੀ ਉਸਤਤ ਕੀਤੀ ਹੈ ਪਰ ਇਹ ਉਹ ਤੋੜ ਕੇ ਫੁੱਲਾਂ ਦੇ ਗਜਰੇ ਬਣਾ ਕੇ ਜਾਂ ਹਵਾਈ ਜਹਾਜ਼ਾਂ ਰਾਹੀਂ ਵਰਖਾ ਕਰਕੇ ਧੂੜ ਮਿੱਟੀ 'ਚ ਰੋਲ ਰਹੇ ਹਨ। ਗੁਰਪੁਰਬਾਂ ਤੇ ਪੰਜ ਪਿਆਰਿਆਂ ਦਾ ਸੁਆਂਗ ਰਚਾ ਕੇ ਨਗਰ ਕੀਰਤਨ ਕੱਢੇ ਜਾਂਦੇ ਹਨ। ਜੇ ਇਹਨਾਂ ਦੀ ਪੰਜਾਬ ਦੇ ਪਿੰਡਾਂ ਨਾਲ ਗੁਣਾਂ ਕੀਤੀ ਜਾਵੇ ਤਾਂ ਹਜ਼ਾਰਾਂ ਲੱਖਾਂ ਵਿਚ ਬਣਦੀ ਹੈ। ਫਿਰ ਦੱਸੋ ਕਿ ਇਹਨਾਂ ਵਿਚ ਕੋਈ ਭਾਈ ਦਇਆ ਸਿੰਘ ਵਰਗਾ, ਸਾਹਿਬ ਸਿੰਘ ਵਰਗਾ ਗੁਰੂ ਦਾ ਪਿਆਰਾ ਹੈ? ਜੇ ਨਹੀਂ ਤਾਂ ਫਿਰ ਦੀਵਾਲੀ ਤੋਂ ਪਹਿਲਾਂ ਰਾਮ, ਰਾਵਣ ਤੇ ਸੀਤਾ, ਲਛਮਣ, ਭਰਤ ਦੇ ਸੁਆਂਗ ਧਾਰਨ ਕਰਨ ਵਾਂਗ ਇਹਨਾਂ ਵਿਚ ਕੋਈ ਫਰਕ ਹੈ।

ਅਜੋਕੇ ਪੰਜ ਪਿਆਰੇ ਬਣਨ ਵਾਲੇ ਧੀਆਂ ਭੈਣਾਂ ਦੀਆਂ ਗਾਲਾਂ ਵੀ ਕੱਢਦੇ ਹਨ। ਝੂਠ ਵੀ ਬੋਲਦੇ ਹਨ, ਬੇਈਮਾਨੀ ਵੀ ਕਰਦੇ ਹਨ। ਕਈ ਡਰਾਈਫਰੂਟਾਂ ਵਰਗਾ ਜਿਵੇਂ ਕਿ ਭੁੱਕੀ ਅਫੀਮ ਵਰਗਾ ਨਸ਼ਾ ਵੀ ਕਰਦੇ ਹਨ। ਕਈ ਸ਼ਰਾਬ ਵੀ ਪੀਂਦੇ ਹਨ ਤੇ ਵੱਖ-ਵੱਖ ਪਾਰਟੀਆਂ ਦੇ ਪੰਥਕ ਦਾਸਾਂ ਦੀਆਂ ਪੂਛਾਂ ਵੀ ਬਣੇ ਹੋਏ ਹਨ। ਪੰਜਾਬ ਦੀ ਪੌਣੇ ਦੋ ਕਰੋੜ ਅਬਾਦੀ 'ਚੋਂ ਸਿਰਫ਼ 3-4% ਹੀ ਉੱਚ ਵਿਦਿਆ ਪ੍ਰਾਪਤ ਜੋ ਵਿਦੇਸ਼ਾਂ ਵੱਲ ਭੱਜ ਰਹੇ ਹਨ। ਚਪੜਾਸੀ ਦੀਆਂ 11 ਅਸਾਮੀਆਂ ਲਈ 11 ਹਜ਼ਾਰ ਪਹੁੰਚਦੇ ਹਨ ਜਿਨ੍ਹਾਂ 'ਚੋਂ ਐਮ.ਏ., ਐਮ.ਫਿਲ ਵੀ ਹੁੰਦੇ ਹਨ। ਜਿਸ ਸਮਾਜ ਵਿਚ ਡੇਰੇ ਦੇ ਸਾਧਾਂ ਦੀਆਂ ਜੁੱਤੀਆਂ ਨੂੰ ਮੱਥੇ ਟੇਕੇ ਜਾਂਦੇ ਹੋਣ, ਕਿਤਾਬਾਂ (ਗਿਆਨ) ਸੜਕਾਂ ਕਿਨਾਰੇ ਰੁਲ ਰਿਹਾ ਹੋਵੇ ਤੇ ਸੜਕ ਕਿਨਾਰੇ ਬਣੇ ਸ਼ਰਾਬ ਦੇ ਠੇਕਿਆਂ ਤੇ ਲਾਈਨ ਲੱਗੀ ਹੋਵੇ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤ ਦਾ ਪੰਜਾਬ ਹੋ ਹੀ ਨਹੀਂ ਸਕਦਾ। ਗੁਰੂ ਨਾਨਕ ਦੇਵ ਜੀ ਨੇ ਕਿਰਤੀ ਦੀ ਕਿਰਤ ਨੂੰ ਵਡਿਆਇਆ ਹੈ ਤੇ ਏਥੇ ਕਿਸੇ ਮੰਤਰੀ ਦੀ ਕਮਿਸ਼ਨ ਲੈ ਕੇ ਵੇਚੀ ਦਵਾਈ ਕਿਰਤ ਨੂੰ ਖਾ ਰਹੀ ਹੈ ਤੇ ਕਿਰਤੀ ਖੁਦਕਸ਼ੀਆਂ ਕਰ ਰਹੇ ਹਨ।

ਇਸੇ ਹਾਲਤ ਦਾ ਹੁਕਮਰਾਨ ਫਾਇਦਾ ਉਠਾ ਰਹੇ ਹਨ। ਸਿਆਸਤਦਾਨਾਂ ਦੇ ਇਕੱਠ ਲੋਕਾਂ ਉੱਪਰ ਹਕੂਮਤ ਕਰਨ ਵਾਲਿਆਂ ਵਜੀਦਿਆਂ ਦੇ ਇਕੱਠ ਹਨ। ਸੰਵੇਦਨਸ਼ੀਲ ਤੇ ਚਿੰਤਕ ਲੋਕ ਇਸ ਭੇਡਚਾਲ ਤੋਂ ਦੂਰ ਖੜ੍ਹੇ ਮੰਥਨ ਕਰ ਰਹੇ ਹਨ। ਅਕਲੋਂ ਖੁੰਢਾ ਮਨੁੱਖਾ ਕਦੇ ਨੀਲਿਆਂ ਤੇ ਜੂਨ ਸੁਧਰਨ ਦੀ ਆਸ ਲਗਾਉਂਦਾ ਹੈ ਕਦੇ ਪੰਜੇ ਵਾਲਿਆਂ ਤੇ ਕੋਈ ਹਾਥੀ ਵਾਲਿਆਂ ਤੇ ਕੋਈ ਆਮ ਆਦਮੀ ਦੇ ਝੁੰਡ ਤੋਂ ਆਸ ਲਗਾਈ ਬੈਠਾ ਹੈ। ਭਾਵੇਂ ਕੋਈ ਵੀ ਜਾਵੇ ਆਮ ਮਨੁੱਖ ਦੇ ਪੱਲੇ ਤਾਂ ਤਿੰਨ ਕਾਣੇ ਹੀ ਪੈਣੇ ਹਨ। ਕਿਸੇ ਵੀ ਧਿਰ ਨੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਗੱਲ ਕੀਤੀ ਹੈ? ਅਸੀਂ ਸਿਰਫ਼ ਵਧਾਈ ਦੇਣ ਤੱਕ ਸੀਮਤ ਹੋ ਕੇ ਰਹਿ ਗਏ ਹਾਂ ਜਿਵੇਂ ਵਿਸਾਖੀ ਦੀਆਂ ਵਧਾਈਆਂ ਹੋਣ, ਗੁਰਪੁਰਬ ਦੀਆਂ ਵਧਾਈਆਂ ਹੋਣ, ਦੀਵਾਲੀ ਦੀਆਂ ਵਧਾਈਆਂ ਹੋਣ, ਬੰਦੀ ਛੋੜ ਦੀਆਂ ਵਧਾਈਆਂ ਹੋਣ। ਏਹੀ ਕੁਝ ਟੈਲੀਵਿਜ਼ਨ ਕਰ ਰਿਹਾ ਹੈ ਤੇ ਜਾਂ ਫਿਰ ਵੱਖ-ਵੱਖ ਸਿਆਸਤਦਾਨਾਂ ਦੀ ਇਕ ਦੂਜੇ ਤੇ ਚਿੱਕੜ ਉਛਾਲੀ ਦਾ ਸਿੱਧਾ ਪ੍ਰਸਾਰਨ ਦਿਖਾ ਰਿਹਾ ਹੈ। ਦਸਮੇਸ਼ ਪਿਤਾ ਤੇ ਉਸ ਦੇ ਸਿਧਾਂਤ ਇਸ ਮੁਕੱਦਸ (ਪਵਿੱਤਰ) ਦਿਨ ਤੇ ਉਸਦੇ ਸਿਧਾਂਤਾਂ ਦੀ ਗੱਲ ਨਾ ਕਰਨੀ ਦਸਮੇਸ਼ ਪਿਤਾ ਨਾਲ ਧ੍ਰੋਹ ਹੈ। ਗੁਰੂ ਸਾਹਿਬ ਨੇ ਤਾਂ ਜਾਤ-ਪਾਤ ਦੇ ਖਾਤਮੇ ਦਾ ਸੰਕਲਪ ਦਿੱਤਾ ਸੀ ਤੇ ਅਜੋਕੀ ਸਰਕਾਰ ਤਾਂ ਜਾਤ-ਪਾਤ ਦੇ ਅਧਾਰ ਤੇ ਬਣੀਆਂ ਸਮਸ਼ਾਨਘਾਟਾਂ ਵੀ ਇਕ ਨਹੀਂ ਕਰ ਸਕੀ। ਸਗੋਂ ਮਜ਼ਬੀ ਸਿੱਖਾਂ ਦੀਆਂ ਸਮਸ਼ਾਨਾਂ ਨੂੰ ਵੋਟਾਂ ਖਾਤਰ ਕਰੋੜਾਂ ਦੀਆਂ ਗ੍ਰਾਂਟਾਂ ਵੰਡ ਚੁੱਕੀ ਹੈ। ਤੁਹਾਡੀ ਪਾਰਖੂ ਨਿਗਾਹ 'ਚ ਗਨੀ ਖਾਂ-ਨਬੀ ਖਾਂ, ਬੁੱਧੂ ਸ਼ਾਹ ਵਰਗੇ ਇਸਲਾਮ ਧਾਰਨੀ ਹੁੰਦੇ ਹੋਏ ਵੀ ਸਿੱਖ ਸਿਧਾਂਤਾਂ ਲਈ ਲੜਨ ਵਾਲੇ ਸਿੰਘ ਸੂਰਮੇ ਸਨ। ਭਾਈ ਜੀਵਨ ਸਿੰਘ ਰੰਘਰੇਟੇ ਨੂੰ ਤੁਸਾਂ ਗੁਰੂ ਕੇ ਬੇਟੇ ਦਾ ਦਰਜਾ ਦਿੱਤਾ ਜਦ ਕਿ ਹੁਕਮਰਾਨ ਉਹਨਾਂ ਨੂੰ ਰਾਮਦਾਸੀਏ ਸਿੱਖ, ਮਜ਼ਬੀ ਸਿੱਖ, ਬੌਰੀਏ ਸਿੱਖ, ਨਾਈਂ ਸਿੱਖ, ਜੁਲਾਹੇ ਸਿੱਖ, ਤਰਖਾਣ ਸਿੱਖ, ਪਰਜਾਪਤ (ਘੁਮਿਆਰ) ਸਿੱਖਾਂ ਵਿਚ ਵੰਡੀ ਬੈਠੇ ਹਨ। ਜਦਕਿ ਇਹ ਸਾਰੇ ਕਿਰਤੀ ਮਨੁੱਖ ਹਨ।

ਇਸ ਤਰ੍ਹਾਂ 316 ਸਾਲਾਂ ਬਾਅਦ ਵੀ ਉਹਨਾਂ ਤੁਹਾਡਾ ਇਹ ਸਿਧਾਂਤ ਘੱਟੇ ਰੋਲ ਦਿੱਤਾ ਹੈ। ਇਹਨਾਂ ਬੱਜਰ ਕੁਰਹਿਤਾਂ ਨੂੰ ਮਹਿਸੂਸ ਕਰਕੇ, ਹਲਾਤ ਦੇਖ ਕੇ ਇਹ ਲਿਖਣਾ ਪੈ ਰਿਹਾ ਹੈ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਕੀ ਲਗਦੇ ਹਾਂ? ਦੋਸਤ ਜਾਂ ਦੁਸ਼ਮਣ ਆਓ ਇਸ ਮੁਕੱਦਸ ਦਿਨ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਗੁਰਪੁਰਬਾਂ ਤੇ ਸਿਰ ਜੋੜ ਕੇ ਮੰਥਨ ਕਰੀਏ ਤੇ ਇਹਨਾਂ ਪਵਿੱਤਰ ਦਿਹਾੜਿਆਂ 'ਤੇ ਸਿਆਸੀ ਦੂਸ਼ਣਬਾਜੀ ਕਰਨ ਵਾਲੇ ਵੋਟ ਦੌਲਿਆਂ ਤੋਂ ਸਿੱਖ ਇਹਿਾਸ ਦੀ ਅਤੇ ਉਸ ਦੇ ਸਿਧਾਂਤਾਂ ਦੀ ਰੱਖਿਆ ਕਰਕੇ ਇਸ ਵਿਚ ਦਿਨੋ-ਦਿਨ ਪਸਰ ਰਹੀ ਕਾਂਗਿਆਰੀ ਤੋਂ ਬਚਾਈਏ।




Scanned with CamScanner




# ...ਦੇ ਨੀ ਮਾਏ ਲੋਹੜੀ

-ਪਰਮਜੀਤ ਕੌਰ ਸੋਢੀ। ਮੋ.94786-58384



ਜੀ ਹਾਂ ਕੜਾਕੇ ਦੀ ਠੰਡ ਹੋਣ ਦੇ ਬਾਵਜੂਦ ਵੀ ਲੋਹੜੀ ਦੇ ਤਿਉਹਾਰ ਲਈ ਆਪਣੇ ਸਾਰਿਆਂ ਦੇ ਦਿਲਾ ਵਿੱਚ ਇਸ ਤਿਉਹਾਰ ਲਈ ਬਹੁਤ ਹੀ ਚਾਅ ਅਤੇ ਉਤਸ਼ਾਹ ਬਣਿਆ ਹੁੰਦਾ ਹੈ ਜੀ। ਕਿਉਕਿ ਇਹ ਤਿਉਹਾਰ ਆਪਣੇ ਦੇਸੀ ਮਹੀਨੇ ਵਿੱਚ ਅਖੀਰਲਾ ਤਿਉਹਾਰ ਤੇ ਨਵੇ ਸਾਲ ਵਿੱਚ ਨਵੀਆ ਉਮੀਦਾ ਲੈ ਮਾਘੀ ਵਾਲੇ ਦਿਨ ਤੋਂ ਨਵੀ ਸੁਰੂਆਤ ਕਰਨੀ ਹੁੰਦੀ ਹੈ। ਇਸ ਲਈ ਲੋਹੜੀ ਪੋਹ ਮਹੀਨੇ ਦੀ ਆਖਰੀ ਰਾਤ ਵਾਲੇ ਦਿਨ ਮਨਾਈ ਜਾਦੀ ਹੈ। ਇਹ ਆਪਸੀ ਭਾਈਚਾਰੇ ਦੇ ਮੇਲਜੋਲ ਅਤੇ ਆਢ, ਗੁਆਢ ਰਲ ਮਿਲਕੇ ਇੱਕ ਦੂਜੇ ਦੀ ਇੱਕਠੇ ਹੋ ਕੇ ਖੁਸ਼ੀ ਮਨਾਉਣ ਦਾ ਪ੍ਰਤੀਕ ਹੈ ਤੇ ਅਗਲਾ ਦਿਨ ਜਾਣੀ 1 ਮਾਘ ਮਾਘੀ ਦਾ ਤਿਉਹਾਰ ਮਨਾਇਆ ਜਾਦਾ ਹੈ। ਇਹ ਸਰਦ ਰੁੱਤ ਦਾ ਤਿਉਹਾਰ ਹੈ। ਲੋਹੜੀ ਜਿਆਦਾਤਰ ਲੋਕ ਪੁੱਤਰ ਦੇ ਜੰਮਣ ਅਤੇ ਵਿਆਹ ਦੀ ਖੁਸ਼ੀ ਹੋਣ ਤੇ ਮਨਾਉਦੇ ਹਨ ਅਤੇ ਘਰ ਘਰ ਜਾ ਕੇ ਗੁੜ,ਮੂੰਗਫਲੀ,ਰਿਉੜੀਆ ਵੰਡਦੇ ਹਨ। ਕੁੜੀਆਂ ਵੀ ਘਰੋ ਘਰੀ ਜਾ ਕੇ ਲੋਹੜੀ ਮੰਗਦੀਆ ਹਨਤੇ ਕਹਿੰਦੀਆ ਹਨ

ਦੇ ਨੀ ਮਾਏ ਲੋਹੜੀ ਤੇਰਾ ਪੁੱਤ ਚੜੇਗਾ ਘੋੜੀ।
ਸਾਨੂੰ ਦੇ ਲੋਹੜੀ ਤੇਰੀ ਜੀਵੇ ਜੋੜੀ।

ਫਿਰ ਰਾਤ ਨੂੰ ਲੋਹੜੀ ਬਾਲ ਕੇ ਤਿਲ ਸੁੱਟਦੇ ਹਨ ਤੇ ਅਕਸਰ ਹੀ ਇਹ ਕਿਹਾ ਜਾਦਾ ਹੈ ਈਸਰ ਆ, ਦਲਿਦਰ ਜਾ। ਦੱਲਿਦਰ ਦੀ ਜੜ ਚੁੱਲੇ ਪਾ। ਅਗਲੀ ਸਵੇਰ ਮਾਘੀ ਦਾ ਤਿਉਹਾਰ ਲੋਕ ਸਵੇਰੇ ਜਲਦੀ ਉੱਠ ਇਸ਼ਨਾਨ ਕਰਕੇ ਗੁਰੂ ਘਰ ਜਾ ਕੇ ਮਨਾਉਦੇ ਹਨ। ਥਾਂ-ਥਾਂ ਮਾਘੀ ਮੇਲੇ ਲੱਗਦੇ ਹਨ। ਪਰ ਸ੍ਰੀ ਮੁਕਤਸਰ ਸਾਹਿਬ ਦਾ ਮਾਘੀ ਮੇਲਾ ਬਹੁਤ ਭਾਰੀ ਇੱਕਠ ਵਾਲਾ ਹੁੰਦਾ ਹੈ। ਮੇਰੇ ਹਿਸਾਬ ਨਾਲ ਤਾਂ ਕੁੜੀਆਂ, ਮੁੰਡੇ ਇੱਕ ਬਰਾਬਰ ਹੀ ਹੁੰਦੇ ਹਨ ਜੀ ਸਾਨੂੰ ਕੁੜੀਆਂ ਦੀ ਲੋਹੜੀ ਵੀ ਮਨਾਉਣੀ ਚਾਹੀਦੀ ਹੈ।ਸਾਰੇ ਬੱਚਿਆ ਨੂੰ ਇੱਕ ਸਮਾਨ ਹੀ ਸਮਝਣਾ ਚਾਹੀਦਾ ਹੈ।

ਜਿਵੇ ਕਿ ਧੀਆ ਪੁੱਤਰ ਇਕ ਸਮਾਨ ਇਹ ਗੱਲ ਸਾਰਾ ਕਹੇ ਜਹਾਨ

ਦੋਸਤੋ ਧੀਆਂ ਦੀ ਲੋਹੜੀ ਮਨਾਉਨ ਦੀ ਸਰੂਆਤ ਆਪਾ ਪਹਿਲਾ ਆਪਣੇ ਘਰ ਤੋ ਹੀ ਕਰੀਏ। ਆਪਣੀ ਸੋਚ ਉਸਾਰੂ ਬਨਾਈਏ ਤੇ ਨਵੀ ਪੀੜੀ ਨੂੰ ਤਿਉਹਾਰਾ ਤੋ ਜਾਣੂ ਕਰਾਈਏ। ਇਸ ਨਾਲ ਆਪਾ ਭਰੂਣ ਹੱਤਿਆ ਜਿਹੇ ਪਾਪ ਤੋ ਛੁਟਕਾਰਾ ਪਾ ਲਵਾਗੇ। ਅਖੀਰ ਵਿੱਚ ਦੋਸਤੋ ਮੈ ਇਹੀ ਕਹਾਗੀ ਕਿ ਕਿਸੇ ਲੋੜਵੰਦ ਦੀ ਮੱਦਦ ਕਰੋ, ਵਿੱਤ ਮੁਤਾਬਿਕ ਦਾਨ ਕਰੋ, ਮਾੜੇ ਕੰਮਾ ਨੂੰ ਤਿਆਗੋ, ਧੀਆ ਨਾਲ ਪਿਆਰ ਕਰੋ ਅੱਜ ਤੋ ਪ੍ਰਣ ਕਰੋ ਚੰਗੀ ਵਿਚਾਰਧਾਰਾ ਦੇ ਮਾਲਕ ਬਣ ਲੋਹੜੀ ਮਨਾਓ ਤੇ ਸਾਰੇ ਘਰਾ ਵਿੱਚ ਖੁਸ਼ੀਆਂ ਲਿਆਓ। ਮੇਰੇ ਵੱਲੋ ਸਾਰਿਆ ਨੂੰ ਲੋਹੜੀ ਦੀਆ ਮੁਬਾਰਕਾ ਜੀ।

ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ
# ਸਾਡਾ ਪੰਜਾਬੀ ਵਿਰਸਾ

004

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)



01. 'ਅਹਿਲਕਾਰੀਆਂ' ਇਕ ਪੁਰਾਤਣ ਗਹਿਣਾ ਹੈ ਇਹ ਗਹਿਣਾ ਕੰਨਾਂ ਵਿਚ ਪਹਿਨਿਆ ਜਾਂਦਾ ਹੈ।
02. ਪਹਿਲਾ ਬੱਚਾ ਜੰਮਣ ਤੇ ਲੜਕੀ ਨੂੰ ਮਾਪਿਆਂ ਵੱਲੋਂ ਦਿੱਤੇ ਗਏ ਕੱਪੜੇ ਸੁਗਾਤਾਂ ਆਦਿ ਨੂੰ 'ਛੂਛਕ' ਕਹਿੰਦੇ ਹਨ।
03. ਕੱਪੜਿਆਂ 'ਚ 'ਚਾਕ' ਸ਼ਬਦ ਕਮੀਜ਼ ਦੇ ਬਟਨ ਨੂੰ ਬੰਦ ਕਰਨ ਵਾਲੀ ਮੋਰੀ ਲਈ ਜਾਂਦਾ ਹੈ।
04. ਲੋਕ-ਬੋਲੀ 'ਚੀਰੇ ਵਾਲਿਆ ਗੱਭਰੂਆ' ਵਿਚ 'ਚੀਰੇ' ਤੋਂ ਕੀ ਭਾਵ ਧਾਰੀਦਾਰ ਪੱਗ ਹੈ।
05. ਵਿਆਹ ਮੌਕੇ ਮਾਮਿਆਂ ਜਾਂ ਨਾਨਕਿਆਂ ਵੱਲੋਂ ਵਿਆਹ ਵਾਲੇ ਮੁੰਡੇ ਜਾਂ ਕੁੜੀ ਨੂੰ ਦਿੱਤੇ ਗਏ ਤੋਹਫਿਆਂ ਨੂੰ 'ਨਾਨਕ ਛੱਕ' ਕਹਿੰਦੇ ਹਨ।
06. ਜਦੋਂ ਲੜਕਾ ਪਹਿਲੀ ਵਾਰ ਪੱਗ ਬੰਨਦਾ ਹੈ ਤਾਂ ਉਸ ਦਾ ਮਾਮਾ ਪੱਗ ਬੰਨ੍ਹਦਾ ਹੈ ਉਸਨੂੰ ਰਸਮ 'ਛਟੀ ਕਰਨਾ' ਕਹਿੰਦੇ ਹਨ।
07. ਭੈੜੇ ਲੱਛਣਾਂ ਵਾਲੀ ਔਰਤ ਨੂੰ 'ਕੁਲੱਛਨੀ' ਕਿਹਾਂ ਜਾਦਾ ਹੈ।
08. ਖ਼ਾਨਦਾਨ, ਟੱਬਰ ਜਾਂ ਕੋੜਮੇ ਨੂੰ 'ਕਵੀਲਾ' ਕਿਹਾ ਜਾਂਦਾ ਹੈ।
09. ਪਤੀ ਨੂੰ ਮਾਹੀ ਨੂੰ ਜਾਂ ਪ੍ਰੇਮੀ ਨੂੰ 'ਕੰਤ' ਕਿਹਾ ਜਾਂਦਾ ਹੈ।
10. ਘਟੀਆ ਕਿਸਮ ਦੇ ਕਮੀਨੇ ਬੰਦੇ ਨੂੰ 'ਚਵਲ' ਜਾਂ 'ਚਗਲ' ਕਿਹਾ ਜਾਦਾ ਹੈ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ
E-mail: mehakwattandi@rediffmail.com, Help Line: (+91)-9988-92-9988

Rural N.G.O.
IELTS INSTITUTES
8+ Band Staff
*Special Classess for Weak Students
*Experienced Staff
R.N.G.O's MOGA
English Speaking
Gramer
Interview
Ielts
Audio & Video Classes
Monthly Fee Only 3000/-
Basti Gobindgarh (Near Gurdwara Sahib) Moga
M. 97810-65802, 94172-30506

Remedy'sRx. The Local Drug Store
Wish You A happy diwali
City Centre Apothecary
Jasbir Rajput
BScPhm
Pharmacist Owner
T: 905-232-3320
F: 905-232-3321
Pharmacy Hours
Monday - Friday : 9am - 8pm
Saturday : 9am - 4pm
Sunday : Closed
citycentre@remedysrx.ca
www.remedys.ca
4175 Confederation Parkway, Units 1-2
Mississauga, ON L5B 0H1
SQUARE ONE MEDICAL
4175 Confederation Parkway
Units 1 & 2
Mississauga, ON L5B 0H1
T: 905-848-4880
F: 905-848-4882
Giselle Seron M.D., C.C.F.P.
Aneil Bhandari M.D., C.C.F.P.
Payam Sadro M.D., C.C.F.P.
Sofia Qureshi M.D., C.C.F.P.

Scanned with CamScanner

# ਲੋਹੜੀਆਂ ਹੁਣ ਥੋੜ੍ਹੀਆਂ ਦਿਖਾਵੇ ਬਥੇਰੇ



ਲੋਹੜੀ ਤਕਰੀਬਨ ਸਾਰੇ ਭਾਰਤ ਵਿਚ ਮਨਾਈ ਜਾਂਦੀ ਹੈ। ਪਰ ਪੰਜਾਬ ਵਿਚ ਖਾਸ ਕਰ ਪਿੰਡਾਂ ਵਿਚ ਲੋਹੜੀ ਮਨਾਉਣ ਦਾ ਢੰਗ ਤਰੀਕਾ ਬੜਾ ਸਾਦਾ ਪਰ ਮਿਲਵਰਤਣ ਵਾਲਾ ਰਿਹਾ ਹੈ ਤੇ ਕਾਫੀ ਹੱਦ ਤੱਕ ਅੱਜ ਵੀ ਹੈ। ਭਾਵੇਂ ਪਿੰਡਾਂ ਦੇ ਲੋਕ ਵੀ ਹੁਣ ਸ਼ਹਿਰੀਆਂ ਵਾਂਗੂੰ 'ਕੱਲੋ-ਮੱਲ੍ਹੜੇ ਜਿਹੇ ਸੁਭਾਅ ਵਾਲੇ ਹੋ ਗਏ ਨੇ ਪਰ ਅਜਿਹੇ ਮੌਕੇ ਦੋ ਚਾਰ ਘਰ ਹੁਣ ਵੀ ਜੁੜ ਹੀ ਬੈਠਦੇ ਨੇ। ਪਿੰਡਾਂ ਵਿਚ ਦਿਖਾਵੇ ਨਾਲੋਂ ਮਿਲਵਰਤਣ ਜ਼ਿਆਦਾ ਹੁੰਦੀ ਹੈ। ਲੋਹੜੀ ਦੇ ਤਿਉਹਾਰ ਨਾਲ ਕਈ ਇਤਿਹਾਸਕ ਜਾਂ ਮਿਥਿਹਾਸਕ ਕਥਾ ਕਹਾਣੀਆਂ ਵੀ ਜੁੜੀਆਂ ਹੁੰਦੀਆਂ ਨੇ ਜੋ ਪਿੰਡਾਂ ਵਿਚ ਆਮ ਹੀ ਪ੍ਰਚਲਿਤ ਹੋ ਜਾਂਦੀਆਂ ਨੇ ਤੇ ਪੀੜ੍ਹੀ-ਦਰ-ਪੀੜ੍ਹੀ ਚੱਲੀ ਜਾਂਦੀਆਂ ਨੇ। ਮੈਂ ਇਤਿਹਾਸ ਤੇ ਮਿਥਿਹਾਸ ਤੋਂ ਹੱਟ ਕੇ ਹੀ ਗੱਲਾਂ ਕਰਾਂਗੀ। ਆਪਣੇ ਪੇਂਡੂ ਸੱਭਿਆਚਾਰ ਦੀ ਤੇ ਭਾਈਚਾਰੇ ਦੀ ਜਿਸ ਵਿੱਚੋਂ ਮੋਹ ਮੁਹੱਬਤ ਤੇ ਭਾਈਚਾਰਕ ਸਾਂਝ ਝਲਕਦੀ ਹੈ।

ਲੋਹੜੀ ਪੋਹ ਦੇ ਅਖ਼ੀਰਲੇ ਦਿਨ ਬਾਰਾਂ ਜਾਂ ਤੇਰਾਂ ਜਨਵਰੀ ਨੂੰ ਹੁੰਦੀ ਹੈ। ਪਿੰਡਾਂ ਵਿਚ ਬੱਚੇ ਇਕ ਦਿਨ ਦੋ ਦਿਨ ਪਹਿਲਾਂ ਹੀ ਲੋਹੜੀ ਬਾਲਣ ਲਈ, ਛੋਟੀਆਂ-ਮੋਟੀਆਂ ਲੱਕੜਾਂ, ਪਾਥੀਆਂ, ਤਿਲਛਟੇ ਜਾਂ ਮੱਕੀ ਦੇ ਸੁੱਕੇ ਟਾਂਡੇ ਇਕੱਠੇ ਕਰਨ ਲੱਗ ਪੈਂਦੇ। ਕੁਝ ਤਾਈਆਂ, ਚਾਚੀਆਂ, ਦਾਦੀਆਂ ਤੇ ਭਾਬੀਆਂ ਤੋਂ ਘਰਾਂ 'ਚੋਂ ਲੈ ਆਉਂਦੇ ਕੁਝ ਆਪੇ ਹੀ ਜਾਂ ਕਿਸੇ ਸੁਆਣੀ ਦੇ ਆਖੇ ਤੋਂ ਉਨ੍ਹਾਂ ਦੇ ਵਾੜਿਓਂ ਗੁਹਾਰਿਓਂ ਲੈ ਆਉਂਦੇ। ਪੰਜ ਸੱਤ ਘਰਾਂ ਦੇ ਬੱਚੇ ਟੋਲੀਆਂ ਬਣਾ ਕੇ ਬਾਲਣ ਇਕੱਠਾ ਕਰਦੇ ਤੇ ਇਕ ਜਗ੍ਹਾ ਢੇਰੀ ਲਾਈ ਜਾਂਦੇ। ਜਿਸ ਟੋਲੀ ਦੀ ਢੇਰੀ ਵੱਡੀ ਹੋਣੀ ਉਸ ਦੀ ਬੜੀ ਟੌਹਰ ਹੋਣੀ। ਵਾਹ ਲੱਗਦੀ ਆਪਣੀ ਢੇਰੀ ਦੀ ਰਾਖੀ ਕੀਤੀ ਜਾਂਦੀ ਕਿ ਕਿਤੇ ਦੂਜੀ ਟੋਲੀ ਵਾਲੇ ਚੁੱਕ ਚੁਰਾ ਨਾ ਲੈਣ। ਇਹ ਸ਼ਰਾਰਤ ਕਈ ਵਾਰ ਹੋ ਵੀ ਜਾਂਦੀ। ਮੁੰਡੇ ਕੁੜੀਆਂ ਰਲ਼ ਕੇ ਬਾਲਣ ਇਕੱਠਾ ਕਰਦੇ ਤੇ ਉਨ੍ਹਾਂ ਨੂੰ ਵਿਆਹ ਵਰਗਾ ਚਾਅ ਤੇ ਉਮਾਹ ਹੁੰਦਾ। ਕਿਹੋ ਜਿਹੇ ਰੌਣਕ ਵਾਲੇ ਦਿਨ ਹੁੰਦੇ ਸਨ। ਆਪਸੀ ਮੇਲ ਜੋਲ ਹੁੰਦਾ ਸੀ ਤੇ ਗੂੜ੍ਹੀਆਂ ਸਾਂਝਾ ਹੁੰਦੀਆਂ ਸਨ।

ਹਰ ਘਰ ਵਿਚ ਘਰ ਦੇ ਦੁੱਧ ਦਾ ਖੋਆ ਕੱਢਿਆ ਜਾਂਦਾ। ਜੇ ਕਿਸੇ ਪਰਿਵਾਰ ਦੇ ਘਰ ਦੁੱਧ ਥੋੜ੍ਹਾ ਹੁੰਦਾ ਤਾਂ ਆਂਢ-ਗੁਆਂਢ ਜਾਂ ਸ਼ਰੀਕੇ ਭਾਈਚਾਰੇ ਵਾਲੀਆਂ ਸੁਆਣੀਆਂ ਮੱਲੋ-ਮੱਲੀ ਉਨ੍ਹਾਂ ਦੇ ਘਰ ਖੋਏ ਲਈ ਦੁੱਧ ਭੇਜ ਦੇਂਦੀਆਂ। ਕੜਾਕੇ ਦੀ ਠੰਢ 'ਚ ਸਾਰਾ ਟੱਬਰ ਚੁੱਲ੍ਹੇ ਦੁਆਲੇ ਇਕੱਠਾ ਹੋ ਕੇ ਨਾਲੇ ਸੇਕੀ ਜਾਂਦਾ, ਨਾਲੇ ਗਾਜਰਾਂ ਕੱਦੂ-ਕੱਸ ਕਰਕੇ ਦੁੱਧ ਦੀ ਕੜਾਹੀ ਵਿਚ ਪਾਈ ਜਾਂਦਾ ਤੇ ਗਜਰੇਲਾ ਬਣ ਜਾਂਦਾ। ਘਰ ਦੀ ਸ਼ੱਕਰ ਜਾਂ ਦੇਸੀ ਖੰਡ ਵਾਲਾ ਉਹ ਗਜਰੇਲਾ ਅੱਜ ਦੇ ਕਾਜੂ ਬਦਾਮਾਂ ਵਾਲੇ ਤੇ ਸੌਗੀ ਵਾਲੇ ਗਜਰੇਲੇ ਨੂੰ ਮਾਤ ਪਾਉਂਦਾ। ਆਮ ਤੌਰ 'ਤੇ ਖੋਏ ਦੀਆਂ ਪਿੰਨੀਆਂ ਹੀ ਬਣਾਈਆਂ ਜਾਂਦੀਆਂ। ਸੌਣੀ ਦੀ ਫ਼ਸਲ 'ਚ ਤਿਲ ਘਰਾਂ ਵਿਚ ਆਮ ਹੀ ਹੁੰਦੇ। ਕਈ ਘਰਾਂ ਵਿਚ ਉੱਖਲੀ ਵਿਚ ਮੂਲ੍ਹੇ ਨਾਲ ਤਿਲ ਕੁੱਟੇ ਜਾਂਦੇ ਤੇ ਖੋਏ 'ਚ ਰਲਾ ਕੇ 'ਭੁੱਗਾ' ਬਣਾਇਆ ਜਾਂਦਾ। ਪਿੰਨੀਆਂ ਹੁੰਦੀਆਂ ਜਾਂ ਭੁੱਗਾ ਇਨ੍ਹਾਂ ਵਿਚ ਘਰ ਦੀ ਸ਼ੱਕਰ ਖੰਡ ਹੀ ਪਾਈ ਜਾਂਦੀ, ਨਾ ਹੋਈ ਵਾਲੇ ਦੂਜੇ ਤੋਂ ਉਧਾਰ ਸਧਾਰ ਲੈ ਲੈਂਦੇ ਜਾਂ ਅਜਿਹੀਆਂ ਲੋੜਾਂ ਸ਼ਰੀਕੇ ਭਾਈਚਾਰੇ ਵਾਲੇ ਉਂਜ ਹੀ ਪੂਰ ਦੇਂਦੇ। ਸਭ ਤੋਂ ਵੱਧ ਜੋ ਲੋਹੜੀ ਤੇ ਬਣਾਈ ਜਾਣ ਵਾਲੀ ਵਿਸ਼ੇਸ਼ 'ਆਈਟਮ' ਮੈਨੂੰ ਯਾਦ ਆਉਂਦੀ ਹੈ ਉਹ ਹੁੰਦੇ ਸਨ ਤਲੋਏ... ਜੋ ਤਕਰੀਬਨ ਹਰ ਘਰ ਵਿਚ ਬਣਦੇ। ਚੁਲ੍ਹੇ ਤੇ ਧਰੀ ਕੜਾਹੀ ਵਿਚ ਤਿੜਕਦੇ ਤਿਲ ਮੇਰੇ ਚੇਤਿਆਂ ਵਿਚ ਅੱਜ ਵੀ ਚਟਕਦੇ ਰਹਿੰਦੇ ਨੇ। ਤਿਲ ਭੁੰਨ ਕੇ ਕਿਸੇ ਬਰਤਨ ਵਿਚ ਕੱਢ ਲੈਣੇ ਬੀ-ਜੀ ਹੋਰਾਂ ਦੇ ਰੋਕਦਿਆਂ ਵੀ ਅਸੀਂ ਕਾਵਾਂ ਵਾਂਗ ਪੈਣਾ ਤੇ ਮੁੱਠੀਆਂ ਭਰ-ਭਰ ਫੱਕੇ ਮਾਰਨੇ। ਫਿਰ ਉਸੇ ਕੜਾਹੀ ਵਿਚ ਗੁੜ ਭੰਨ ਕੇ ਪਾ ਦੇਣਾ ਤੇ ਚਾਹਣੀ ਬਣਾਉਣੀ। ਭੁੰਨੇ ਹੋਏ ਤਿਲ ਉਸ ਵਿਚ ਪਾ ਕੇ ਰਲਾ ਦੇਣੇ ਤੇ ਫਿਰ ਉਨ੍ਹਾਂ ਦੇ ਵੀ ਲੱਡੂ ਜਿਹੇ ਵੱਟ ਲੈਣੇ ਜਿਨ੍ਹਾਂ ਨੂੰ ਤਲੋਏ ਕਿਹਾ ਜਾਂਦਾ ਇਹ ਤਲੋਏ ਸਾਰਾ ਸਿਆਲ ਖਾਧੇ ਜਾਂਦੇ। ਅੱਜ ਇਹ ਚੀਜ਼ਾਂ ਸੁਪਨਾ ਹੋ ਕੇ ਰਹਿ ਗਈਆਂ ਨੇ...। ਇਹ ਸਭ ਚੀਜ਼ਾਂ ਸਾਫ਼ ਸੁਥਰੀਆਂ ਮਿਲਾਵਟ ਰਹਿਤ ਹੁੰਦੀਆਂ। ਇਹੋ ਰਾਜ਼ ਸੀ ਪੁਰਾਣੇ ਸਮੇਂ ਦੀਆਂ ਜਾਂ ਕੁਝ ਸਮਾਂ ਪਹਿਲਾਂ ਦੀਆਂ ਚੰਗੀਆਂ ਸਿਹਤਾਂ ਦਾ।

ਲੋਹੜੀ ਵਾਲੇ ਦਿਨ ਸਾਗ ਅਤੇ ਰਸ ਦੀ ਖੀਰ ਜ਼ਰੂਰ ਹਰ ਘਰ ਵਿਚ ਬਣਾਈ ਜਾਂਦੀ। ਜਿਸਦੀ ਘੁਲਾੜੀ ਚੱਲਦੀ ਹੁੰਦੀ ਉਹ ਸਾਰਿਆਂ ਨੂੰ ਸੱਦਾ ਦੇ ਦੇਂਦਾ ਕਿ ਖੀਰ ਲਈ ਗੰਨੇ ਦਾ ਰਸ ਲੈ ਆਇਓ। ਕਈ ਘਰਾਂ ਵਿਚ ਖਿੱਚੜੀ ਵੀ ਬਣਦੀ ਪਰ ਸਾਗ, ਖੀਰ ਜਾਂ ਖਿੱਚੜੀ ਉਸ ਦਿਨ ਜਾਂ ਰਾਤ ਨੂੰ ਕਿਸੇ ਨੂੰ ਖਾਣ ਲਈ ਨਾ ਦਿੱਤੀ ਜਾਂਦੀ। ਉਹ ਦੂਜੇ ਦਿਨ ਮਾਘੀ ਨੂੰ ਹੀ ਖਾਧੀ ਜਾਂਦੀ ਤੇ ਕਿਹਾ ਜਾਂਦਾ 'ਪੋਹ ਰਿੰਨ੍ਹੀ ਮਾਘ ਖਾਧੀ'। ਉਦੋਂ ਇਨ੍ਹਾਂ ਗੱਲਾਂ ਦੀ ਸਮਝ ਨਹੀਂ ਹੁੰਦੀ ਸੀ। ਇਹ ਤਿਉਹਾਰ ਸਰਦੀ ਦਾ ਸਿਖ਼ਰ ਹੁੰਦਾ ਸੀ, ਕਿੰਨੇ ਦਿਨ ਰਿੱਝਿਆ-ਪੱਕਿਆ ਖ਼ਰਾਬ ਨਹੀਂ ਸੀ ਹੁੰਦਾ। ਓਦੋਂ ਫਰਿੱਜ਼ ਦਾ ਤਾਂ ਨਾਂ ਵੀ ਨਹੀਂ ਸੀ ਸੁਣਿਆ ਹੁਣ ਫਰਿੱਜ਼, ਫਰੀਜ਼ਰ, ਏ.ਸੀ. ਜੇਠ ਹਾੜ੍ਹ ਦੇ ਮਹੀਨੇ ਵੀ ਜਿਵੇਂ ਪੋਹ ਮਾਘ ਬਣਾਈ ਰੱਖਦੇ ਨੇ ਠੰਢਾਂ ਵਰਤਾਈ ਰੱਖਦੇ ਨੇ। ਦੂਜੇ ਦਿਨ ਮਾਘੀ ਨੂੰ ਖਿੱਚੜੀ, ਦਹੀਂ ਨਾਲ ਵੀ ਖਾਧੀ ਜਾਂਦੀ। ਇਸ ਦਾ ਕਾਰਨ ਸ਼ਾਇਦ ਇਹ ਸੀ ਕਿ ਪਹਿਲੇ ਦਿਨ ਖੋਏ, ਤਲੋਏ ਤੇ ਭਾਰੀ ਖਾਣਾ ਖਾਧਾ ਜਾਂਦਾ ਸੀ ਤੇ ਦੂਜੇ ਦਿਨ ਹਲਕਾ ਫੁਲਕਾ...। ਕੀ ਰਿਵਾਜ਼ ਕੀ ਕਸਮਾਂ ਸਨ ਆਪੇ ਹੀ ਬਣਾਈਆਂ ਹੋਈਆਂ ਪਰ ਬੜੀਆਂ ਸਾਰਥਕ ਬੜੀਆਂ ਹੀ ਲਾਹੇਵੰਦ।

ਓਦੋਂ ਅੱਜ ਵਾਂਗ ਲੋਹੜੀਆਂ ਮਨਾਉਣ ਤੇ ਗਾਉਣ ਵਜਾਉਣ ਦੇ ਅੰਡਬਰ ਵੀ ਕੋਈ ਨਹੀਂ ਸੀ ਰਚਦਾ। ਕਿਸੇ ਦੇ ਮੁੰਡੇ ਦੀ ਜਾਂ ਮੁੰਡੇ ਦੇ ਵਿਆਹ ਦੀ ਲੋਹੜੀ ਵਰਗੀ ਕੋਈ ਉਚੇਚ ਨਹੀਂ ਸੀ ਹੁੰਦੀ। ਲੋਹੜੀ ਨੂੰ ਸਿਰਫ਼ ਲੋਹੜੀ ਕਰਕੇ ਹੀ ਮਨਾਇਆ ਜਾਂਦਾ। ਅੱਜ ਲੋਹੜੀ ਨੂੰ ਜੋ ਦਿਖਾਵੇ ਲੋਕੀਂ ਕਰਦੇ ਨੇ ਕੋਈ ਨਹੀਂ ਸੀ ਕਰਦਾ। ਪੰਜ ਸੱਤ ਘਰਾਂ ਨੇ ਕਿਸੇ ਇਕ ਘਰ ਦੇ ਵਿਹੜੇ ਵਿਚ ਇਕੱਠੇ ਹੋ ਕੇ ਬੱਚਿਆਂ ਦੇ ਇਕੱਠੇ ਕੀਤੇ ਬਾਲਣ ਦੀ ਲੋਹੜੀ ਬਾਲ਼ ਲੈਣੀ ਤੇ ਕਿਸੇ ਨੇ ਕੋਈ ਨਿੱਕਾ ਮੋਟਾ ਖੁੰਢ ਬਲ਼ਦੀ ਲੋਹੜੀ 'ਚ ਰੱਖ ਦੇਣਾ ਜੋ ਅੱਧੀ ਰਾਤ ਤੱਕ ਮੱਚੀ ਜਾਣਾ। ਘਰ ਦੀਆਂ ਸੁਆਣੀਆਂ ਨੂੰਹਾਂ ਧੀਆਂ ਮੁੱਠੀ 'ਚ ਤਿਲ ਲਈ ਆਉਂਦੀਆਂ ਤੇ ਬਲ਼ਦੀ ਲੋਹੜੀ ਤੇ ਉਨ੍ਹਾਂ ਦਾ ਮੱਥਾ ਟੇਕਦੀਆਂ-ਕੋਈ ਕਹਿੰਦੀ 'ਇੱਸਰ ਆਏ ਦਲਿੱਦਰ ਜਾਏ ਦਲਿੱਦਰ ਦੀ ਜੜ੍ਹ ਪੁੱਟੀ ਜਾਏ', ਓਦੋਂ ਤਾਂ ਅਸੀਂ ਬੱਚੇ ਵੀ ਰੀਸੋ-ਰੀਸੀ ਗਾਈ ਜਾਂਦੇ ਅਰਥ ਸਮਝਣ ਦੀ ਕੋਈ ਲੋੜ ਨਹੀਂ ਸੀ ਜਾਪਦੀ ਪਰ ਹੁਣ ਮੈਂ ਸੋਚਦੀ ਹਾਂ 'ਇੱਸਰ' ਤੋਂ ਉਨ੍ਹਾਂ ਦਾ ਭਾਵ ਖੁਸ਼ਹਾਲੀ ਤੇ 'ਦਲਿੱਦਰ' ਤੋਂ ਭਾਵ ਮੰਦਹਾਲੀ ਜਾਂ ਗਰੀਬੀ ਹੁੰਦਾ ਸੀ। ਕੁਝ ਦੇਰ ਖੜ੍ਹ ਬੈਠ ਕੇ ਔਰਤਾਂ ਘਰੋਂ ਘਰੀਂ ਮੁੜ ਜਾਂਦੀਆਂ। ਗਾਉਣ ਵਜਾਉਣ ਦੇ ਨਾਂ ਤੇ ਬੱਚੇ ਗਾਉਂਦੇ ਫਿਰਦੇ 'ਲੋਹੜੀ ਬਈ ਲੋਹੜੀ ਤੇਰਾ ਪੁੱਤ ਚੜ੍ਹੂਗਾ ਘੋੜੀ ਸਾਡੀ ਲੋਹੜੀ ਮਨਾ ਦੇ' ਤੇ ਸੁਆਣੀਆਂ ਉਨ੍ਹਾਂ ਲਈ ਸ਼ਹਿਰੋਂ ਮੰਗਾਈਆਂ ਰਿਓੜੀਆਂ ਜਾਂ ਘਰ ਬਣੀਆਂ ਪਿੰਨੀਆਂ ਤੇ ਤਲੋਏ ਦੇ ਦੇਂਦੀਆਂ।

ਬੁੱਢਿਆਂ, ਬੱਚਿਆਂ ਤੇ ਗੱਭਰੂਆਂ ਦੇਰ ਰਾਤ ਤੱਕ ਲੋਹੜੀ ਦੇ ਦੁਆਲੇ ਬੈਠ ਰਹਿੰਦਿਆਂ ਕਦੇ ਕੋਈ ਖੱਪ ਨਾ ਪਾਉਣੀ ਘਰੋਂ ਲਿਆਂਦੀ ਮੂੰਗਫ਼ਲੀ ਚੱਬਦੇ ਰਹਿਣਾ ਤੇ ਕੁਝ ਘਰ ਦੀਆਂ ਕੁਝ ਬਾਹਰ ਦੀਆਂ ਗੱਲਾਂ ਕਰੀ ਜਾਣੀਆਂ। ਕਿਸੇ ਬਜ਼ੁਰਗ ਨੇ ਭਗਤ ਪ੍ਰਹਿਲਾਦ ਦੀ ਤੇ ਕਿਸੇ ਹੋਰ ਭਗਤ ਦੀ ਕਥਾ ਕਹਾਣੀ ਸੁਣਾ ਦੇਣੀ। ਕੋਈ ਦਿਖਾਵਾ ਕੋਈ ਈਰਖਾ ਨਾ ਹੁੰਦੀ। ਲੋਹੜੀ ਬਸ ਲੋਹੜੀ ਹੁੰਦੀ ਜੋ ਮਨਾਂ ਦੀ ਸਾਂਝ ਨਾਲ ਮਨਾਈ ਜਾਂਦੀ, ਕਦੇ ਸਿਆਸੀ ਸੱਥ ਨਾ ਬਣਦੀ। ਅੱਜ ਲੋਹੜੀ ਦੇ ਨਾਂ ਤੇ ਕਦੇ ਮੁੰਡੇ ਦੀ, ਕਦੇ ਦੇਖਾ ਦੇਖੀ ਕੁੜੀ ਦੀ ਲੋਹੜੀ ਮਨਾਈ ਜਾਂਦੀ ਹੈ। ਬੇਲੋੜੀ ਬੱਲੇ-ਬੱਲੇ ਕਰਵਾਈ ਜਾਂਦੀ ਹੈ। ਕੋਈ ਰਲ਼ ਬੈਠਣ ਦੀ ਗੱਲ ਨਹੀਂ ਸਭ ਆਪਣੇ ਘਰ ਆਪਣੀ ਚਾਰ ਦੀਵਾਰੀ ਅੰਦਰ ਮਾੜੀ ਮੋਟੀ ਲੋਹੜੀ ਬਾਲ਼ ਲੈਂਦੇ ਨੇ ਕਦੇ ਆਂਢ-ਗੁਆਂਢ ਨਾਲ ਰਲ਼ ਨਹੀਂ ਬੈਠਿਆ ਜਾਂਦਾ। ਬਸ ਦਿਖਾਵੇ ਲਈ ਇਕੱਠ ਕਰਕੇ ਕੋਈ ਜ਼ਰੂਰ ਲੋਹੜੀ ਮਨਾ ਲੈਂਦਾ ਹੈ। ਮੈਨੂੰ ਇਕ ਗੱਲ ਦੀ ਉੱਕਾ ਹੀ ਸਮਝ ਨਹੀਂ ਆਉਂਦੀ ਕਿ ਜੋ ਕੁੜੀਆਂ ਦੀਆਂ ਲੋਹੜੀਆਂ ਮਨਾ ਕੇ ਦਿਖਾਵੇ ਕੀਤੇ ਜਾਂਦੇ ਨੇ ਕੀ ਉਸ ਨਾਲ ਅਣਜੰਮੀਆਂ ਜਾਂ ਨਵਜੰਮੀਆਂ ਬੱਚੀਆਂ ਨੂੰ ਮਾਰਨ ਦੇ ਰੁਝਾਨ ਨੂੰ ਕੋਈ ਠੱਲ੍ਹ ਪਈ ਹੈ? ਅੱਜ ਵੀ ਓਹੋ ਹੀ ਖ਼ਬਰਾਂ ਪੜ੍ਹਨ ਸੁਣਨ ਨੂੰ ਮਿਲਦੀਆਂ ਨੇ ਕਿਤੇ ਮਰੀ ਕਿਤੇ ਜਿਉਂਦੀ ਧੀ ਲਾਵਾਰਸ ਮਿਲਦੀ ਹੈ। ਚੰਗਾ ਹੋਵੇ ਜੇ ਕੋਈ ਸਾਰਥਕ ਕਦਮ ਜਾਂ ਸੋਚ ਇਨ੍ਹਾਂ ਬੱਚੀਆਂ ਲਈ ਅਪਣਾਈ ਜਾਵੇ। ਘਰਾਂ ਵਿਚ ਦਿਖਾਵੇ ਦੀਆਂ ਲੋਹੜੀਆਂ ਮਨਾ ਕੇ ਨਿੱਘ ਤੇ ਚਾਨਣ ਕਰਕੇ ਕੁਝ ਨਹੀਂ ਸੰਵਰਨਾ ਲੋੜ ਹੈ ਮਨਾਂ ਦੇ ਨਿੱਘ ਦੀ ਮਨਾਂ ਨੂੰ ਰੌਸ਼ਨ ਕਰਨ ਦੀ ਤਾਂ ਕਿ ਇਹ ਬਾਲੜੀਆਂ ਹਨ੍ਹੇਰਿਆਂ 'ਚ ਨਾ ਸੁੱਟੀਆਂ ਜਾਣ ਕਿਸੇ ਗਮਲੇ ਜਾਂ ਝਾੜੀ ਵਿਚ ਠੰਢ ਨਾਲ ਠਰ ਕੇ ਨਾ ਮਰ ਜਾਣ...। ਕਾਸ਼! ਉਹ ਮਨਾਂ ਦੀ ਸਾਂਝ ਵਾਲੀਆਂ ਲੋਹੜੀਆਂ ਕਦੇ ਫਿਰ ਮੋਹ ਦਾ ਨਿੱਘ ਵੰਡਣ ਤੇ ਦਿਖਾਵੇ ਦੇ ਅਡੰਬਰ ਨਾ ਕੀਤੇ ਜਾਣ।

ਪਰਮਜੀਤ ਕੌਰ ਸਰਹਿੰਦ




Scanned with CamScanner




# ਤੇ ਉਹ ਟਰੈਕਟਰ ਭਜਾ ਕੇ ਲੈ ਗਿਆ


**ਜਸਪਾਲ ਸਿੰਘ ਲੋਹਾਮ**

ਸਵੇਰੇ ਜਲਦੀ ਤਿਆਰ ਹੋ ਕੇ ਕੁੱਝ ਕੰਮ ਕਾਰ ਕਰਨ ਲਈ ਚੰਡੀਗੜ੍ਹ ਗਿਆ ਤੇ ਵਾਪਸੀ ਸਮੇਂ ਦਪਹਿਰ ਦਾ ਸਮਾਂ ਸੀ। ਪਰ ਟ੍ਰੈਫਿਕ ਜਿਆਦਾ ਹੋਣ ਕਰਕੇ ਕਾਰ ਦੀ ਰਫਤਾਰ ਜਿਆਦਾ ਤੇਜ ਨਹੀਂ ਸੀ। ਅਸੀਂ ਸਮਰਾਲਾ, ਨੀਲੋਂ, ਦੋਰਾਹਾ ਨਹਿਰੋ ਨਹਿਰ ਜਾ ਰਹੇ ਸੀ ਅਤੇ ਸਾਰੀ ਸੜਕ ਕਰੀਬ ਵਧੀਆ ਬਣੀ ਹੋਈ ਸੀ ਅਤੇ ਕੋਈ ਖਾਸ ਦਿੱਕਤ ਨਹੀਂ ਆ ਰਹੀ ਸੀ। ਜਲਦੀ ਹੀ ਅਸੀਂ ਲਧਿਆਣਾ ਵੇਰਕਾ ਦੇ ਨਜਦੀਕ ਪਹੁੰਚ ਗਏ। ਇਹ ਸੜਕਾਂ ਵੀ ਖੁੱਲੀਆਂ ਡੁੱਲੀਆਂ ਹਨ ਪਰ ਇਥੇ ਰਫਤਾਰ ਘੱਟ ਰੱਖਣੀ ਪੈ ਰਹੀ ਸੀ। ਟ੍ਰੈਫਿਕ ਨਿਯਮਾਂ ਦਾ ਧਿਆਨ ਰੱਖਣਾ ਅਤੀ ਜਰੂਰੀ ਹੁੰਦਾ ਹੈ। ਇਸੇ ਸੜਕ ਤੇ ਅੱਗੇ ਐਮ.ਬੀ.ਡੀ. ਮਾਲ ਤੋਂ ਥੋੜਾ ਜਿਹਾ ਅੱਗੇ ਜਾ ਕੇ ਟ੍ਰੈਫਿਕ ਨਾਕਾ ਸੀ ਅਤੇ ਇਥੇ ਇੱਕ ਪਾਸੇ ਇੱਕ ਕੈਮਰੇ ਵਾਲਾ ਕਰਮਚਾਰੀ ਦਰਖਤ ਦੇ ਥੱਲੇ ਖੜ੍ਹਾ ਸੀ ਤੇ ਉਹ ਆਉਂਦੀਆਂ ਕਾਰਾਂ ਵਹੀਕਲਾਂ ਦੀ ਰਫਤਾਰ ਚੈਕ ਕਰ ਰਿਹਾ ਸੀ ਤੇ ਉਹ ਓਵਰ ਸਪੀਡ ਵਾਲਿਆਂ ਨੂੰ ਰੋਕਦਾ ਸੀ ਅਤੇ ਗਲਤ ਡਰਾਈਵਿੰਗ ਕਰਨ ਵਾਲਿਆਂ ਤੇ ਟ੍ਰੈਫਿਕ ਟੀਮ ਨਿਯਮਾਂ ਅਨੁਸਾਰ ਚਲਾਣ ਕੱਟ ਰਹੀ ਸੀ। ਸਾਰੇ ਇਥੋਂ ਜਰਾ ਬਚ ਕੇ ਨਿੱਕਲਦੇ ਸੀ। ਇਥੇ ਤਾਂ ਸਭ ਬੰਦੇ ਬਣ ਜਾਂਦੇ ਹਨ।

ਪਰ ਇੱਕ ਗੱਲ ਨੀ ਸਮਝ ਆਉਂਦੀ ਕਿ ਟ੍ਰੈਫਿਕ ਮੁਲਾਜਮ ਆਪਣੀ ਸਰਕਾਰੀ ਗੱਡੀ ਸੜਕ ਵਿਚ ਟੇਡੀ ਕਿਉਂ ਲਗਾਉਂਦੇ ਹਨ? ਕੀ ਉਨ੍ਹਾਂ ਨੂੰ ਕੋਈ ਸਰਕਾਰ ਵੱਲੋਂ ਅਧਿਕਾਰ ਮਿਲਿਆ ਹੁੰਦਾ ਹੈ? ਪਰ ਅਜਿਹਾ ਕਿਉਂ? ਚਲੋ ਛੱਡੋ। ਲੁਧਿਆਣਾ ਤੋਂ ਤਲਵੰਡੀ ਤੱਕ ਚਾਰ ਮਾਰਗੀ ਸੜਕਾਂ ਦਾ ਨਿਰਮਾਣ ਹੋ ਰਿਹਾ ਸੀ। ਪੁੱਲ ਬਣ ਰਹੇ ਸਨ। ਆਸੇ ਪਾਸੇ ਸੜਕਾਂ ਬਣ ਰਹੀਆਂ ਸੀ। ਕਈ ਪੁੱਲਾਂ ਤੇ ਵਹੀਕਲ ਚੱਲ ਰਹੇ ਸੀ ਪਰ ਪੁੱਲ ਵੀ ਪੂਰੀ ਤਰ੍ਹਾਂ ਪੱਧਰੇ ਸਮਤਲ ਨਹੀਂ ਸਨ। ਬਿਲਕੁੱਲ ਉੱਪਰ ਜਾ ਕੇ ਬਰੇਕਾਂ ਲਗਾਉਣੀਆਂ ਪੈਂਦੀਆਂ ਸਨ। ਜਿਸ ਕਰਕੇ ਰਫਤਾਰ ਇੱਕਦਮ ਘਟ ਜਾਂਦੀ ਸੀ। ਲੋੜ ਹੈ ਅਜਿਹੇ ਪੁੱਲਾਂ ਨੂੰ ਇੱਕਸਾਰ ਸਮਤਲ ਕੀਤਾ ਜਾਵੇ ਤਾਂ ਕਿ ਵਹੀਕਲਾਂ ਵਾਲਿਆਂ ਨੂੰ ਕੋਈ ਮੁਸ਼ਕਿਲ ਨਾ ਝੇਲਣੀ ਪਵੇ।

ਕੁੱਝ ਸਮੇਂ ਬਾਅਦ ਅਸੀਂ ਰਾਜਾ ਢਾਬਾ ਲੰਘ ਕੇ ਜਗਰਾਂਓ ਸ਼ਹਿਰ ਪਹੁੰਚ ਗਏ ਇਥੇ ਵੀ ਅੱਗੇ ਜਾ ਕੇ ਸੜਕ ਦੀ ਚੌੜਾਈ ਘਟ ਜਾਂਦੀ ਹੈ ਤੇ ਖੱਬੇ ਨੂੰ ਨਿੱਕਲ ਜਾਂਦੀ ਹੈ। ਇਥੇ ਵੀ ਸੜਕਾਂ ਪੁੱਲ ਬਣ ਰਹੇ ਹਨ। ਜਦੋਂ ਸ਼ਹਿਰ ਦੇ ਮੁੱਖ ਚੌਂਕ ਦੇ ਨੇੜੇ ਪਹੁੰਚ ਗਏ ਤਾਂ ਚਾਰੇ ਪਾਸਿਆਂ ਤੋਂ ਵਹੀਕਲ ਆ ਧਮਕੇ ਸਾਡੇ ਵਾਲੇ ਪਾਸੇ ਦੋ ਦੋ ਲਾਇਨਾ ਲੱਗ ਗਈਆਂ ਅਤੇ ਪੁੱਲ ਥੱਲੇ ਸੱਜੇ ਪਾਸੇ ਦੀ ਕਰਾਸਿੰਗ ਤੋਂ ਵੀ ਵਹੀਕਲ ਆਏ ਅਤੇ ਇੱਕ ਟੈਰਕਟਰ ਟਰਾਲੀ ਵਾਲਾ ਬੰਦਾ ਜਿਸਨੇ ਨਿਗ੍ਹਾ ਵਾਲੀਆਂ ਐਨਕਾਂ ਲੱਗੀਆਂ ਸੀ ਭਜਾਈ ਲਿਆ ਰਿਹਾ ਸੀ ਤੇ ਸਾਡੀ ਕਾਰ ਕੋਲ ਆ ਕੇ ਬਰੇਕ ਲਗਾਈ ਤੇ ਫਿਰ ਧੱਕੇ ਨਾਲ ਅੱਗੇ ਨਿੱਕਲੇ ਮੇਰੇ ਇਸ਼ਾਰੇ ਕਰਨ ਤੇ ਵੀ ਆਪਣੀ ਹਰਕਤ ਤੋਂ ਬਾਜ ਨਹੀਂ ਸੀ ਆ ਰਿਹਾ। ਅੱਗੇ ਤੋਂ ਟ੍ਰੈਫਿਕ ਖੁੱਲਿਆ ਮੈਂ ਕਾਰ ਅੱਗੇ ਕੀਤੀ ਉਹਨੇ ਵੀ ਕਾਰ ਦੇ ਪਿੱਛੇ ਦੀ ਕੱਢਣ ਦੀ ਕੋਸ਼ਿਸ਼ ਕੀਤੀ ਪਰ ਉਹ ਫਿਰ ਵੀ ਬਾਜ ਨਹੀਂ ਆਇਆ ਤੇਜੀ ਨਾਲ ਕੱਢਣ ਲੱਗਾ ਤੇ ਕਾਰ ਦੇ ਪਿੱਛੇ ਤਾੜ ਦੇਣੇ ਟੱਕਰ ਮਾਰ ਦਿੱਤੀ। ਉਥੇ ਹੀ ਮੈਂ ਉਤਰ ਕੇ ਦੇਖਿਆ ਤਾਂ ਦੋ ਡੈਂਟ ਪੈ ਗਏ ਤੇ ਪਿਛਲੀ ਲਾਇਟ ਨੂੰ ਤਰੇੜ ਆ ਗਈ। ਮੈਂ ਉਸਨੂੰ ਪਾਸੇ ਆਉਣ ਨੂੰ ਕਿਹਾ ਉਹ ਕਹਿੰਦਾ ਗੱਡੀ ਪਾਸੇ ਲਾਓ ਤੇ ਮੈਂ ਖੜ੍ਹਦਾ ਹਾਂ। ਚੁਰਸਤਾ ਚੌਂਕ ਹੋਣ ਕਰਕੇ ਮੈਂ ਆਪਣੀ ਕਾਰ ਅੱਗੇ ਲੈ ਕੇ ਖੱਬੇ ਪਾਸੇ ਖੜ੍ਹੀ ਕਰ ਦਿੱਤੀ ਤੇ ਇਨੇ ਚਿਰ ਵਿਚ ਹੀ ਉਹ ਟਰੈਕਟਰ ਟਰਾਲੀ ਭਜਾ ਕੇ ਲੈ ਗਿਆ ਤੇ ਮੁੜ ਡਾਹ ਨਾ ਦਿੱਤੀ।

ਅਜੋਕਾ ਸੋਚ ਤੇਜ ਰਫਤਾਰ ਜਿੰਦਗੀ ਦਾ ਹਿਸਾ ਹੈ ਤੇ ਲੋਕਾਂ ਵਿਚ ਇੱਕ ਦੂਜੇ ਤੋਂ ਅੱਗੇ ਨਿੱਕਲਣ ਦੀ ਦੌੜ ਜਿਹੀ ਲੱਗੀ ਹੋਈ ਹੈ ਅਤੇ ਐਸੇ ਗਲਤ ਕੰਮ ਕਰ ਬੈਠਦੇ ਹਨ ਜਿਸਦੀ ਦੀ ਕੋਈ ਆਸ ਉਮੀਦ ਨਹੀਂ ਹੁੰਦੀ। ਸਦਾ ਹੀ ਤੇਜੀ ਕਰਨਾ, ਗੁੱਸੇ 'ਚ ਰਹਿਣਾ ਅਤੇ ਲੜ੍ਹਾਈ ਲਈ ਉਤਾਵਲੇ ਰਹਿਣਾ ਜਾਨਵਰ ਬਿਰਤੀ ਦੀ ਸੋਚ ਹੈ ਮਨੁੱਖਾਂ ਦੀ ਨਹੀਂ। ਪਰ ਸਦਾ ਹੀ ਤੇਜੀ ਕਰਨੀ ਮਾੜੀ ਗੱਲ ਹੈ ਇਸ ਲਈ ਸਿਆਣੇ ਬੰਦੇ ਬਣੀਏ ਤੇਜੀ ਨਾ ਕਰੀਏ, ਕਿਸੇ ਦਾ ਨੁਕਸਾਨ ਨਾ ਕਰੀਏ ਤੇ ਹੋ ਸਕੇ ਤਾਂ ਭਲਾ ਕਰੀਏ ਇਸੇ ਵਿਚ ਸੱਚੀ ਇਨਸਾਨੀਅਤ ਹੈ। ਲੋਕਾਂ ਵਿਚ ਹੀ ਪਰਮਾਤਮਾ ਵੱਸਦਾ ਹੈ, ਉਹ ਕਣ ਕਣ ਵਿਚ ਹੈ।




# ਪਸੀਨੇ ਦੀ ਬਦਬੂ ਦਾ ਕੁਦਰਤੀ ਇਲਾਜ



ਗਰਮੀ ਆਉਂਦੀ ਵੇਖ ਕੇ ਸਭ ਦੇ ਪਸੀਨੇ ਛੁੱਟਣ ਲੱਗ ਜਾਂਦੇ ਹਨ। ਪਰ ਪਸੀਨੇ-ਪਸੀਨੇ ਵਿਚ ਫਰਕ ਹੁੰਦਾ ਹੈ। ਇਕ ਪਸੀਨਾ ਉਹ ਹੁੰਦਾ ਹੈ ਜੋ ਕਿਸੇ ਤੋਂ ਡਰ ਕੇ ਆਉਂਦਾ ਹੈ, ਇਕ ਉਹ ਜੋ ਕਿਸੇ ਦੁਸ਼ਮਣ ਨੂੰ ਦੇਖ ਕੇ ਆਉਂਦਾ ਹੈ, ਘਬਰਾਓ ਨਹੀਂ! ਇੱਥੇ ਗਰਮੀ ਦੇ ਕਾਰਨ ਆਉਣ ਵਾਲੇ ਪਸੀਨੇ ਦੀ ਬਦਬੂ ਦੇ ਕੁਦਰਤੀ ਇਲਾਜ ਬਾਰੇ ਜਾਣਕਾਰੀ ਹਾਸਲ ਕਰਾਂਗੇ। ਪਸੀਨਾ ਤਾਂ ਹਰੇਕ ਨੂੰ ਆਉਂਦਾ ਹੈ ਪਰ ਕੁਝ ਲੋਕਾਂ ਦਾ ਪਸੀਨਾ ਏਨਾ ਜ਼ਿਆਦਾ ਬਦਬੂਦਾਰ ਹੁੰਦਾ ਹੈ ਕਿ ਉਨ੍ਹਾਂ ਕੋਲ ਖੜ੍ਹੇ ਵੀ ਨਹੀਂ ਹੋਇਆ ਜਾ ਸਕਦਾ। ਪਸੀਨੇ ਦੀ ਬਦਬੂ ਇਕ ਚੰਗੇ-ਭਲੇ ਵਿਅਕਤੀਤਵ ਦੀ ਚਮਕ ਫਿੱਕੀ ਕਰ ਕੇ ਰੱਖ ਦੇਂਦੀ ਹੈ। ਅਜਿਹਾ ਨਹੀਂ ਕਿ ਬਦਬੂਦਾਰ ਪਸੀਨਾ ਆਉਣ ਵਾਲੇ ਵਿਅਕਤੀਆਂ ਨੂੰ ਇਸ ਦਾ ਅਹਿਸਾਸ ਨਹੀਂ ਹੁੰਦਾ ਕਿ ਉਨ੍ਹਾਂ ਦਾ ਪਸੀਨਾ ਬਦਬੂਦਾਰ ਹੈ, ਉਨ੍ਹਾਂ ਨੂੰ ਇਸ ਬਾਰੇ ਪਤਾ ਹੁੰਦਾ ਹੈ ਅਤੇ ਉਹ ਮਨ ਹੀ ਮਨ ਇਸ ਬਾਰੇ ਸੋਚ ਕੇ ਹੀਣਭਾਵਨਾ ਨਾਲ ਪੀੜਤ ਹੋ ਜਾਂਦੇ ਹਨ। ਇਹ ਲੇਖ ਪਸੀਨੇ ਦੀ ਬਦਬੂ ਦੇ ਕੁਦਰਤੀ ਇਲਾਜ ਬਾਰੇ ਅਜਿਹੇ ਹੀ ਲੋਕਾਂ ਨੂੰ ਜਾਣਕਾਰੀ ਦੇਣ ਲਈ ਹੈ। ਕੁਝ ਲੋਕ ਪਰਫਿਊਮ ਐਂਟੀਪਰਸਪਾਯਰੇਂਟ ਤੇ ਡਿਓਡਰੈਂਟ ਦਾ ਇਸਤੇਮਾਲ ਆਪਣੇ ਸਰੀਰ ਤੇ ਕਰਕੇ ਆਪਣੇ ਪਸੀਨੇ ਦੀ ਬਦਬੂ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦੇ ਹਨ। ਪਰ ਅਜਿਹੇ ਲੋਕਾਂ ਨੂੰ ਅਸੀਂ ਦਸ ਦੇਈਏ ਕਿ ਐਂਟੀਪਰਸਪਾਯਰੇਂਟ ਜਿਸ ਦਾ ਕੰਮ ਪਸੀਨੇ ਨੂੰ ਰੋਕਣਾ ਹੈ ਅਤੇ ਡਿਓਡਰੈਂਟ ਜਿਸ ਦਾ ਕੰਮ ਪਸੀਨੇ ਦੀ ਬਦਬੂ ਨੂੰ ਰੋਕਣਾ ਹੁੰਦਾ ਹੈ, ਵਿਚ ਅਜਿਹੇ ਤੱਤਾਂ ਦੀ ਭਰਮਾਰ ਹੁੰਦੀ ਹੈ ਜੋ ਬੈਕਟੀਰੀਆ ਨੂੰ ਖਤਮ ਨਾ ਕਰਕੇ ਉਨ੍ਹਾਂ ਦੀ ਮਾਤਰਾ ਵਿਚ ਵਾਧਾ ਕਰ ਦੇਂਦੇ ਹਨ। ਐਂਟੀਪਰਸਪਾਯਰੇਂਟ ਪਸੀਨੇ ਨੂੰ ਰੋਕਣ ਤੇ ਬੈਕਟੀਰੀਆਵਾਂ ਨੂੰ ਨਾਸ ਕਰਨ ਵਿਚ ਸਫਲਤਾ ਤਾਂ ਪ੍ਰਾਪਤ ਕਰ ਲੈਂਦੇ ਹਨ ਪਰ ਕਈ ਵਾਰ ਇਨ੍ਹਾਂ ਦੇ ਇਸਤੇਮਾਲ ਨਾਲ ਸਰੀਰ ਵਿਚ ਅਲਰਜੀ ਪੈਦਾ ਹੋ ਜਾਂਦੀ ਹੈ।

**ਕਿਉਂ ਆਉਂਦੀ ਹੈ ਪਸੀਨੇ ਵਿੱਚੋਂ ਬਦਬੂ? :** ਸਾਡੇ ਸਰੀਰ ਦੀ ਚਮੜੀ ਦੇ ਰੋਮਕੂਪਾਂ ਵਿੱਚੋਂ ਜਿਸ ਵਕਤ ਪਸੀਨਾ ਬਾਹਰ ਆਉਂਦਾ ਹੈ, ਉਸ ਵਕਤ ਉਹ ਗੰਧਹੀਣ ਹੁੰਦਾ ਹੈ, ਪਸੀਨੇ ਦੇ ਨਾਲ ਯੂਰੀਆ, ਨਮਕ, ਪ੍ਰੋਟੀਨ, ਵਸਾ ਦਾ ਨਿਕਾਸ ਹੁੰਦਾ ਹੈ¢ ਪਸੀਨੇ ਦਾ ਵਾਸ਼ਪੀਕਰਨ ਨਾ ਹੋਣ ਦੀ ਅਵਸਥਾ ਵਿਚ ਚਮੜੀ ਤੇ ਮੌਜੂਦ ਬੈਕਟੀਰੀਆ ਵਸਾ ਤੇ ਪ੍ਰੋਟੀਨ ਨਾਲ ਕ੍ਰਿਆ ਕਰਕੇ ਇਨ੍ਹਾਂ ਨੂੰ ਅਮੋਨੀਆ ਦੇ ਅਮਲ ਵਿਚ ਬਦਲ ਦੇਂਦੇ ਹਨ। ਅਮਲ ਤੇ ਅਮੋਨੀਆ ਦੀ ਉਤਪਤੀ ਕਾਰਨ ਹੀ ਪਸੀਨਾ ਬਦਬੂ ਵਾਲਾ ਬਣ ਜਾਂਦਾ ਹੈ¢

**ਕਿਉਂ ਆਉਂਦਾ ਹੈ ਪਸੀਨਾ? :** ਮਨੁੱਖੀ ਸਰੀਰ ਦੀ ਚਮੜੀ ਦੇ ਹੇਠਾਂ 20 ਲੱਖ ਦੇ ਆਸਪਾਸ ਪਸੀਨੇ ਵਾਲੀਆਂ ਗ੍ਰੰਥੀਆਂ ਹੁੰਦੀਆਂ ਹਨ। ਇਹ ਪਸੀਨਾ ਗ੍ਰੰਥੀਆਂ ਹੀ ਪਸੀਨੇ ਦਾ ਨਿਰਮਾਣ ਕਰਦੀਆਂ ਹਨ। ਹਰੇਕ ਗ੍ਰੰਥੀ ਵਿਚ ਬਹੁਤ ਹੀ ਨਾਜ਼ੁਕ ਤੇ ਛੋਟੀਆਂ-ਛੋਟੀਆਂ ਟਿਊਬਾਂ ਹੁੰਦੀਆਂ ਹਨ। ਇਨ੍ਹਾਂ ਟਿਊਬਾਂ ਦਾ ਮੂੰਹ ਸਰੀਰ ਦੀ ਚਮੜੀ ਦੀ ਅੰਦਰੂਨੀ ਪਰਤ ਡਰਮਿਸ 'ਚ ਥੋੜ੍ਹਾ ਉਪਰ ਹੁੰਦੇ ਹੋਏ ਚਮੜੀ ਦੀ ਉਪਰਲੀ ਪਰਤ ਤੇ ਆ ਕੇ ਖੁੱਲ੍ਹਦਾ ਹੈ। ਇਨ੍ਹਾਂ ਗ੍ਰੰਥੀਆਂ ਰਾਹੀਂ ਹੀ ਨਮਕ ਮਿਸ਼ਰਤ, ਵਸਾ ਮਿਸ਼ਰਤ, ਪ੍ਰੋਟੀਨ ਮਿਸ਼ਰਤ ਪਾਣੀ ਦਾ ਰਿਸਾਵ ਹੁੰਦਾ ਹੈ। ਸਰੀਰ ਦੇ ਤਾਪਮਾਨ ਨੂੰ ਨਿਯੰਤ੍ਰਿਤ ਕਰਨ ਚ ਇਹ ਗ੍ਰੰਥੀਆਂ ਮੁੱਖ ਭੂਮਿਕਾ ਨਿਭਾਉਂਦੀਆਂ ਹਨ। ਤੁਹਾਨੂੰ ਇਕ ਗੱਲ ਹੋਰ ਦੱਸ ਦੇਈਏ ਕਿ ਸਾਡੀ ਤੰਦਰੁਸਤੀ ਲਈ ਪਸੀਨਾ ਆਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਦੇ ਕਾਰਨ ਹੀ ਸਾਡੇ ਸਰੀਰ ਦਾ ਤਾਪਮਾਨ ਨਿਯੰਤ੍ਰਣ ਵਿਚ ਰਹਿੰਦਾ ਹੈ।

**ਬਦਬੂ ਤੋਂ ਬਚਾਅ -** ਇਕ ਵਾਰ ਪਹਿਨੇ ਹੋਏ ਕੱਪੜਿਆਂ ਨੂੰ ਬਿਨਾਂ ਧੋਤੇ ਅਲਮਾਰੀ 'ਚ ਨਾ ਰੱਖੋ। ਬਿਨਾਂ ਧੋਤੇ ਕੱਪੜਿਆਂ ਨੂੰ ਅਲਮਾਰੀ ਵਿਚ ਰੱਖਣ ਨਾਲ ਬਦਬੂ ਪੈਦਾ ਕਰਨ ਵਾਲੇ ਬੈਕਟੀਰੀਆ ਕ੍ਰਿਆਸ਼ੀਲ ਹੋ ਕੇ ਕੱਪੜਿਆਂ ਵਿਚ ਬਦਬੂ ਪੈਦਾ ਕਰ ਦੇਂਦੇ ਹਨ। ਸਰੀਰ ਦੀ ਸਾਫ ਸਫਾਈ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਨਿੰਮ ਵਾਲੇ ਸਾਬਣ ਦਾ ਨਹਾਉਂਦੇ ਸਮੇਂ ਇਸਤੇਮਾਲ ਕਰੋ ਤਾਂ ਚੰਗਾ ਰਹੇਗਾ। ਜਿੱਥੋਂ ਤਕ ਹੋ ਸਕੇ ਸਖ਼ਤ ਧੁੱਪ ਤੋਂ ਬਚੋ। ਕੱਪੜੇ ਅਜਿਹੇ ਪਹਿਨੋ ਜੋ ਸਰੀਰ ਨਾਲ ਚਿਪਕੇ ਹੋਏ ਨਾ ਹੋਣ ਕਿਉਂਕਿ ਤੰਗ ਕੱਪੜਿਆਂ ਵਿਚ ਜ਼ਿਆਦਾ ਪਸੀਨਾ ਆਉਂਦਾ ਹੈ ਅਤੇ ਵਾਸ਼ਪੀਕਰਨ ਸਹੀ ਢੰਗ ਨਾਲ ਨਹੀਂ ਹੁੰਦਾ ਜਿਸ ਕਾਰਨ ਕੱਪੜਿਆਂ ਵਿੱਚੋਂ ਬਦਬੂ ਆਉਣ ਲੱਗਦੀ ਹੈ। ਸਿੰਥੈਟਿਕ ਕੱਪੜੇ ਨਾ ਪਹਿਨ ਕੇ ਸੂਤੀ ਕੱਪੜੇ ਪਹਿਨੋ ਤਾਂ ਜ਼ਿਆਦਾ ਠੀਕ ਰਹੇਗਾ। ਤਲੀਆਂ-ਭੁੰਨੀਆਂ ਤੇ ਮਸਾਲੇ ਵਾਲੀਆਂ ਚੀਜ਼ਾਂ ਨਾ ਖਾਓ। ਮੌਸਮੀ ਫਲਾਂ ਦਾ ਸੇਵਨ ਕਰੋ।

**ਪਰਕਾਸ਼ ਕੌਰ ਢਿੱਲੋਂ**

# ਘਰ ਦੀ ਰਸੋਈ

ਪੇਸ਼ਕਸ:
ਭਾਗਵੰਤੀ ਪੁਰਬਾ



## ਅਦਰਕ ਦਾ ਆਚਾਰ

ਸਮੱਗਰੀ :
100 ਗ੍ਰਾਮ ਅਦਰਕ, 3/4 ਕੱਪ ਨਿੰਬੂ ਦਾ ਰਸ, ਚੁਟਕੀ ਜਿੰਨੀ ਕਾਲੀ ਮਿਰਚ, ਲੂਣ ਸਵਾਦ ਅਨੁਸਾਰ।

ਵਿਧੀ :
ਅਦਰਕ ਛਿੱਲ ਕੇ ਧੋ ਲਓ। ਸਾਫ ਕੱਪੜੇ ਨਾਲ ਪੂੰਝ ਕੇ ਸੁਕਾ ਲਓ। ਇਸ ਦੇ ਛੋਟੇ-ਛੋਟੇ ਟੁਕੜੇ ਕੱਟ ਕੇ ਨਿੰਬੂ ਦੇ ਰਸ 'ਚ ਪਾ ਦਿਓ। ਪੀਸੀ ਕਾਲੀ ਮਿਰਚ ਮਿਲਾ ਦਿਓ। ਚਪਾਤੀ, ਪਰੌਂਠੇ ਅਤੇ ਦਾਲ ਚੌਲ ਨਾਲ ਪਰੋਸੋ। 15-20 ਦਿਨ ਤੱਕ ਇਸ ਨੂੰ ਰੱਖਿਆ ਜਾ ਸਕਦਾ ਹੈ।

## ਤਿਲਾਂ ਦੀ ਚਟਣੀ

ਸਮੱਗਰੀ : 2 ਵੱਡੇ ਚਮਚ ਭੁੰਨੇ ਚਿੱਟੇ ਤਿਲ, 3-4 ਹਰੀਆਂ ਮਿਰਚਾਂ, 1/2 ਕੱਪ ਹਰਾ ਧਨੀਆ, 1 ਛੋਟਾ ਚਮਚ ਕੱਟਿਆ ਹੋਇਆ ਅਦਰਕ, 1 ਛੋਟਾ ਚਮਚ ਇਮਲੀ ਦਾ ਰਸ, 1 ਛੋਟਾ ਪਿਆਜ ਕੱਟਿਆ ਹੋਇਆ, 1 ਨਿੰਬੂ ਦਾ ਰਸ, ਲੂਣ ਲੋੜ ਮੁਤਾਬਕ।



ਵਿਧੀ :
ਸਾਰੀ ਸਮੱਗਰੀ ਨੂੰ ਮਿਲਾ ਗ੍ਰਾਈਂਡ ਕਰ ਲਓ। ਤਿਆਰ ਚਟਣੀ ਸੈਂਡਵਿਚ, ਸਮੋਸਾ ਅਤੇ ਬਟਾਟਾ ਵੜਾ ਨਾਲ ਪਰੋਸੋ।





## ਸ਼ਿਮਲਾ ਮਿਰਚ ਦੀ ਚਟਣੀ

ਸਮੱਗਰੀ :
1 ਵੱਡੀ ਸ਼ਿਮਲਾ ਮਿਰਚ, 1 ਛੋਟਾ ਚਮਚ ਮਾਂਹ ਦੀ ਦਾਲ, 1/2, ਛੋਟਾ ਚਮਚ ਜੀਰਾ, ਚੁਟਕੀ ਜਿੰਨੀ ਹਿੰਗ, ਇਕ ਛੋਟਾ ਚਮਚ ਤੇਲ, 1 ਵੱਡਾ ਚਮਚ ਇਮਲੀ ਦਾ ਰਸ, 6-7 ਕੜੀ ਪੱਤੇ, ਲੂਣ-ਚੀਨੀ ਸਵਾਦ ਅਨੁਸਾਰ ਅਤੇ 3 ਕੱਟੀਆਂ ਹੋਈਆਂ ਹਰੀਆਂ ਮਿਰਚਾਂ।

ਵਿਧੀ :
ਪੈਨ 'ਚ ਤੇਲ ਗਰਮ ਕਰੋ। ਜੀਰਾ ਪਾਓ। ਮਾਂਹ ਦੀ ਦਾਲ ਪਾ ਕੇ ਗੁਲਾਬੀ ਭੁੰਨੋ। ਹਿੰਗ ਤੇ ਕੱਟੀ ਹੋਈ ਸ਼ਿਮਲਾ ਮਿਰਚ, ਹਰੀ ਮਿਰਚ ਤੇ ਕੜੀ-ਪੱਤਾ ਪਾ ਕੇ 2 ਮਿੰਟ ਫਰਾਈ ਕਰੋ। ਜਦ ਸ਼ਿਮਲਾ ਮਿਰਚ ਕੁਝ ਪੱਕ ਜਾਵੇ ਤਾਂ ਇਮਲੀ ਦਾ ਰਸ, ਲੂਣ, ਚੀਨੀ ਮਿਲਾ ਦਿਓ। ਅੱਗ ਤੋਂ ਹੇਠਾਂ ਉਤਾਰੋ। ਠੰਢੀ ਹੋਣ ਤੋਂ ਬਾਅਦ ਗ੍ਰਾਈਂਡਰ 'ਚ ਪੀਹ ਲਉ। ਸ਼ਿਮਲਾ ਮਿਰਚ ਦੀ ਚਟਣੀ ਦਾਲ ਚੌਲ ਨਾਲ ਜਾਂ ਸਨੈਕਸ ਨਾਲ ਸਰਵ ਕਰੋ।

Scanned with CamScanner




# ਸਾਦੀਆਂ ਤੇ ਦਿਲਕਸ਼ ਗੱਲਾਂ ਨਾਲ ਦਿਲ ਜਿੱਤਣ ਵਾਲੇ ਮਲਕੀਤ ਰੌਣੀ

ਜਸਵੀਰ ਪੁੜੈਣ



ਪੰਜਾਬੀ ਫ਼ਿਲਮਾਂ, ਨਾਟਕ ਅਤੇ ਗੀਤਾਂ ਵਿਚ ਨਿੱਗਰ, ਨਰੋਏ ਅਤੇ ਸਾਫ਼-ਸੁਥਰੇ ਰੋਲ ਅਦਾ ਕਰਨ ਵਾਲੇ ਅਦਾਕਾਰ ਜੋ ਆਪਣੀ ਹਰ ਗੱਲ ਨਾਲ ਜਿੱਥੇ ਦਰਸ਼ਕਾਂ ਦੇ ਦਿਲ ਨੂੰ ਟੁੰਬਦੇ ਅਤੇ ਉਤਸੁਕਤਾ ਵਧਾਉਂਦੇ ਹਨ ਉਥੇ ਨਾਲ-ਨਾਲ ਡੁੱਲ ਡੁੱਲ ਪੈਣ ਵਾਲਾ ਹਾਸਾ ਤੇ ਗਿਆਨ ਭਰਪੂਰ ਗੱਲਾਂ ਨਾਲ ਦਰਸ਼ਕਾਂ ਦਾ ਦਿਲ ਜਿੱਤਣ ਵਾਲੇ ਪੰਜਾਬੀ ਸਰਦਾਰ 'ਮਲੀਕਤ ਰੌਣੀ' ਜੀ ਆਪਣੀ ਵੱਖਰੀ ਪਛਾਣ ਰੱਖਦੇ ਹਨ।

ਮਲਕੀਤ ਰੌਣੀ ਜੀ ਦਾ ਜਨਮ ਪਿੰਡ ਰੌਣੀ ਖੁਰਦ ਮੋਰਿੰਡਾ ਚਮਕੌਰ ਸਾਹਿਬ ਰੋਡ ਤੇ ਜੋ ਐਸ.ਵਾਈ.ਐਲ. ਨਹਿਰ ਦੇ ਕੰਢੇ ਵਸਦੇ ਹੈ ਪਿਤਾ ਸ. ਗੁਰਚਰਨ ਸਿੰਘ ਤੇ ਮਾਤਾ ਜੀ ਭੁਪਿੰਦਰ ਕੌਰ ਦੇ ਘਰ 8 ਨਵੰਬਰ 1975 ਨੂੰ ਹੋਇਆ। ਆਪ ਜੀ ਦੋ ਭਰਾ ਇਕ ਭੈਣ ਹਨ। ਬੇਸ਼ੱਕ ਰੌਣੀ ਸਾਹਿਬ ਦਾ ਰਹਿਣ ਬਸੇਰਾ ਉਹਨਾਂ ਦੇ ਨਿੱਤ ਦੇ ਪ੍ਰੋਗਰਾਮਾਂ ਤੇ ਮੁਨੱਸਰ ਹੈ ਪਰ ਫਿਰ ਵੀ ਉਹਨਾਂ ਦੀ ਪੱਕੀ ਰਿਹਾਇਸ਼ ਉਹਨਾਂ ਦੇ ਜੱਦੀ ਪਿੰਡ ਰੌਣੀ ਖੁਰਦ ਵਿਖੇ ਹੀ ਮਾਤਾ ਭੁਪਿੰਦਰ ਕੌਰ ਜੀ ਦੀ ਛਤਰ ਛਾਇਆ ਹੇਠ ਆਪਣਾ ਭਰਾ ਤਜਿੰਦਰ ਸਿੰਘ ਜੀ ਜੋ ਕਿ ਪਿੰਡ ਦੇ ਨੰਬਰਦਾਰ ਹਨ ਦੇ ਨਾਲ ਇਕੋ ਪਰਿਵਾਰ ਵਿਚ ਜਿੱਥੇ ਇਹਨਾਂ ਦੀ ਧਰਮ ਪਤਨੀ ਗੁਰਪ੍ਰੀਤ ਕੌਰ, ਬੇਟੀ ਨਵਦੀਪ ਕੌਰ, ਭਾਬੀ, ਭਰਾ ਦਾ ਬੇਟਾ (ਭਤੀਜਾ) ਤਰਮਨਦੀਪ ਸਿੰਘ ਸਾਰਾ ਹੀ ਪਰਿਵਾਰ ਮਾਤਾ ਭੁਪਿੰਦਰ ਕੌਰ ਜੀ ਜੋ ਕਿ ਲਗਭਘ 70 ਵਰ੍ਹਿਆਂ ਦੇ ਹਨ ਦੇ ਕਹਿਣੇ ਅਤੇ ਅਸ਼ੀਰਵਾਦ ਨਾਲ ਖੁਸ਼ੀ ਭਰੀ ਜ਼ਿੰਦਗੀ ਬਸਰ ਕਰ ਰਹੇ ਹਨ।

ਰੌਣੀ ਸਾਹਿਬ ਨੇ ਆਪਣੀ ਪਹਿਲੀ ਤੋਂ ਲੈ ਕੇ ਬਾਹਰਵੀਂ (+2) ਤੱਕ ਦੀ ਪੜ੍ਹਾਈ ਖੰਟ ਮਾਨਪੁਰ ਤੋਂ ਕੀਤੀ। ਸਕੂਲ ਦੌਰਾਨ ਸੱਤਵੀਂ ਜਮਾਤ ਵਿਚ ਪੜ੍ਹਦੇ ਸੀ ਤਾਂ ਇਕ ਦਿਨ ਭਾਈ ਮੰਨਾ ਸਿੰਘ ਜੀ ਦੀ ਟੀਮ ਨੇ ਸਕੂਲ ਵਿਚ ਨਾਟਕ ਕੀਤੇ ਜਿੰਨਾਂ ਨੂੰ ਦੇਖ ਕੇ ਆਪ ਬਹੁਤ ਪ੍ਰਭਾਵਿਤ ਹੋਏ। ਇਥੋਂ ਆਪ ਜੀ ਦੇ ਅੰਦਰ ਨਾਟਕਕਾਰੀ ਦੀ ਲਗਨ ਲੱਗੀ ਤੇ ਉਸ ਦਿਨ ਤੋਂ ਹੀ ਆਪ ਨੇ ਡਾ. ਗੁਰਸ਼ਰਨ ਸਿੰਘ ਜੀ (ਭਾਈ ਮੰਨਾ ਸਿੰਘ) ਦਾ ਪੱਲਾ ਪੜ ਲਿਆ। ਫਿਰ ਤਾਂ ਆਪ ਹਰ ਸ਼ਨੀਵਾਰ-ਐਤਵਾਰ ਭਾਈ ਮੰਨਾ ਸਿੰਘ ਜੀ ਦੀ ਸੰਗਤ ਕਰਨ ਲੱਗੇ ਅਤੇ ਅਦਾਕਾਰੀ ਦੇ ਗੁਰ ਪ੍ਰਾਪਤ ਕੀਤੇ। ਆਪਣੇ ਅੰਦਰ ਦੀ ਕਲਾ ਨੂੰ ਦਰਸ਼ਕਾਂ ਦੇ ਰੂ-ਬ-ਰੂ ਕਰਨ ਲਈ ਤਿਆਰ ਕੀਤਾ।

ਮਲਕੀਤ ਰੌਣੀ ਜੀ ਨੇ ਜ਼ਿੰਦਗੀ ਦਾ ਸਭ ਤੋਂ ਪਹਿਲਾ ਨਾਟਕ ਡਾ. ਗੁਰਸ਼ਰਨ ਸਿੰਘ ਜੀ ਦੀ ਅਗਵਾਈ ਹੇਠ ਸੰਤ ਸਿੰਘ ਸੇਖੋਂ ਜੀ ਦੁਆਰਾ ਲਿਖੀ ਇਕਾਂਗੀ 'ਦੂਜਾ ਵਿਆਹ' ਵਿਚ ਬੁੱਢੀ ਦਾ ਰੋਲ ਕੀਤਾ ਜੋ ਕਿ ਇਕ ਲਾਲਚੀ ਸੱਸ ਦਾ ਕਿਰਦਾਰ ਸੀ। ਜੋ ਰੌਣੀ ਸਾਹਿਬ ਨੇ ਬਹੁਤ ਹੀ ਸ਼ਲਾਘਾਯੋਗ ਅਦਾਕਾਰੀ ਕੀਤੀ ਜਿਸ ਦਾ ਸੁਆਗਤ ਦਰਸ਼ਕਾਂ ਨੇ ਬੇਸ਼ੁਮਾਰ ਤਾੜੀਆਂ ਤੇ ਵਾਹ-ਵਾਹ ਨਾਲ ਕੀਤਾ। ਇਥੋਂ ਫੇਰ ਭਾਈ ਮੰਨਾ ਸਿੰਘ ਜੀ ਨਾਲ ਨਾਟਕਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਤੇ 'ਅਲਫਾ ਪੰਜਾਬੀ' ਤੇ ਸੀਰੀਅਲਾਂ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਫਿਰ 1992 ਵਿਚ ਚੇਤਨਾ ਕਲਾ ਮੰਚ ਚਮਕੌਰ ਸਾਹਿਬ ਦਾ ਨਿਰਮਾਣ ਕੀਤਾ ਜੋ ਪਿੰਡ-ਪਿੰਡ, ਸ਼ਹਿਰ-ਸ਼ਹਿਰ ਜਾ ਕੇ ਨਾਟਕਾਂ ਦੁਆਰਾ ਲੋਕਾਂ ਦਾ ਮਨੋਰੰਜਨ ਤਾਂ ਕਰਦੇ ਹੀ ਸਨ ਸਗੋਂ ਦਰਸ਼ਕਾਂ ਵਿਚ ਦੇਸ਼ ਭਗਤੀ ਤੇ ਸਮਾਜਿਕ ਕੁਰੀਤੀਆਂ ਤੇ ਨਸ਼ਿਆਂ ਖਿਲਾਫ਼ ਲੜਨ ਦਾ ਜਜ਼ਬਾ ਵੀ ਪੈਦਾ ਕਰਦੇ ਸੀ। ਜੋ ਉਦੋਂ ਤੋਂ ਲੈ ਕੇ ਹੁਣ ਤੱਕ ਨਿਰਵਿਘਨ ਚੱਲ ਰਹੀ ਹੈ ਤੇ ਸਮਾਜ ਸੁਧਾਰ ਦਾ ਸ਼ਲਾਘਾਯੋਗ ਉਪਰਾਲਾ ਕਰਦੇ ਆ ਰਹੇ ਹਨ ਜਿਸ ਵਿਚ ਬਤੌਰ ਜਨਰਲ ਸਕੱਤਰ ਦੀ ਸੇਵਾ ਨਿਭਾਉਂਦੇ ਹਨ।

ਫੇਰ ਮਲਕੀਤ ਰੌਣੀ ਜੀ ਨੂੰ ਸੀਰੀਅਲ ਕਰਨ ਦਾ ਮੌਕਾ ਮਿਲਿਆ ਤੇ ਆਪ ਜੀ ਨੇ 'ਸਰਹੱਦ, ਮਨ ਜੀਤੈ ਜੱਗ ਜੀਤ, ਕੌੜਾ ਸੱਚ, ਸੌਦੇ ਦਿਲਾਂ ਦੇ' ਆਦਿ ਕਾਫੀ ਸੀਰੀਅਲ ਕੀਤੇ। ਫੇਰ ਸੋਨੀ ਟੀ.ਵੀ. ਤੇ 'ਮੀਤ ਮਿਲਾਦੇ ਰੱਬਾ' ਵਿਚ ਰਜ਼ਾ ਮੁਰਾਦ ਦੇ ਭਰਾ ਦਾ ਰੋਲ ਕੀਤਾ ਜੋ ਕਿ ਸਰਦਾਰ ਦਾ ਰੋਲ ਸੀ।

ਮਲਕੀਤ ਰੌਣੀ ਜੀ 2005 ਤੋਂ ਲੈ ਕੇ 2013 ਤੱਕ ਲਗਾਤਾਰ ਬੰਬੇ ਰਹੇ। ਉਥੇ ਇਹਨਾਂ ਨੇ ਹਿੰਦੀ ਫ਼ਿਲਮਾਂ 'ਲੰਡਨ ਡਰੀਮਜ਼, ਨੋ ਪਰੋਬਲਮ, ਸੂਟਰ, ਦੀਵਾਰ, ਆਤਿਥੀ ਤੁਮ ਕਬ ਜਾਓਗੇ' ਕੀਤੀਆਂ ਜੋ ਸੁਪਰਹਿੱਟ ਰਹੀਆਂ ਅਤੇ ਆਪ ਨੇ ਦੋ ਹਾਲੀਵੁੱਡ ਫ਼ਿਲਮਾਂ 'ਦੀ ਜੀਨੀਅਸ ਆਫ਼ ਬਿਊਟੀ ਅਤੇ ਪਾਰਟੀਸਨ' ਵਿਚ ਕੰਮ ਕੀਤਾ। ਬਹੁਤ ਸਾਰੇ ਹਿੰਦੀ ਸੀਰੀਅਲਾਂ ਵਿਚ ਕੰਮ ਕੀਤਾ।



ਪੰਜਾਬੀ ਫ਼ਿਲਮਾਂ ਦਾ ਵੱਡਾ ਦੌਰ ਸ਼ੁਰੂ ਹੋਣ 'ਤੇ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ ਜਿਵੇਂ 'ਅਰਦਾਸ, ਬੰਬੂਕਾਟ, ਮੈਂ ਤੇਰੀ ਤੂੰ ਮੇਰਾ, ਇਕ ਕੁੜੀ ਪੰਜਾਬ ਦੀ, ਟਾਈਗਰ, ਚੱਕ ਜਵਾਨਾ, ਪੰਜਾਬ 2016, ਸਾਹਬ ਬਹਾਦਰ, ਸਰਘੀ, ਮੰਜੇ ਬਿਸਤਰੇ, ਅਸਲੀ ਪੰਜਾਬ ਆਦਿ ਅਨੇਕਾਂ ਫ਼ਿਲਮਾਂ ਵਿਚ ਬਹੁਤ ਵਧੀਆ ਕਿਰਦਾਰ ਨਿਭਾਏ ਜੋ ਮਸ਼ਹੂਰ ਰਹੇ। ਇਸ ਤੋਂ ਇਲਾਵਾ ਪੰਜਾਬੀ ਗੀਤਾਂ ਦੇ ਬਹੁਤ ਸਾਰੇ ਵੀਡੀਓ ਵਿਚ ਵੀ ਕੰਮ ਕੀਤਾ ਜਿਨ੍ਹਾਂ ਵਿਚੋਂ ਕਿਸਾਨੀ ਦੀ ਹੂ-ਬ-ਹੂ ਤਸਵੀਰ ਪੇਸ਼ ਕਰਦਾ ਗੀਤ "ਮੈਂ ਪਿੰਡ ਪੈਦਲ ਤੁਰਿਆ ਜਾਵਾਂ ਫਸਲ ਵੇਚ ਕੇ ਲੱਖਾਂ ਦੀ', 'ਪੈਸਾ ਕੋਲ ਨਹੀਂ ਸੀ ਕਰਦਾ ਕਿਵੇਂ ਸਵਾਰੀ ਬੱਸਾਂ ਦੀ' ਨੇ ਵਿਸ਼ੇਸ਼ ਨਾਮ ਖੱਟਿਆ।

ਮਲਕੀਤ ਰੌਣੀ ਜੀ ਨੇ 2015 ਵਿਚ 'ਧਰਮਰਾਜ ਡਾਟ ਕਾਮ' ਦੇ ਕੈਨੇਡਾ ਅਤੇ ਹੋਰ ਯੂਰਪ ਦੇਸ਼ ਵਿਚ ਸ਼ੋਅ ਕੀਤੇ ਜਿਥੇ ਇਨ੍ਹਾਂ ਨੂੰ ਬਹੁਤ ਭਰਵਾਂ ਹੁੰਗਾਰਾ ਮਿਲਿਆ। ਹੁਣ ਫਿਰ 2017 ਵਿਚ ਗੁਰਚੇਤ ਚਿੱਤਰਕਾਰ ਜੀ ਦਾ ਲਿਖਿਆ ਹੋਇਆ ਨਾਟਕ 'ਅਸੀਂ ਬੋਲਾਂਗੇ ਸੱਚ' ਲੈ ਕੇ ਪੂਰੀ ਟੀਮ ਅਮਰੀਕਾ ਜਾ ਰਹੀ ਹੈ।

ਰੌਣੀ ਜੀ ਦੀ ਟੀਮ ਦੇ ਮੁੱਖ ਮੈਂਬਰ ਹਨ ਮੈਡਮ ਗੁਰਪ੍ਰੀਤ ਕੌਰ ਭੰਗੂ, ਹਰਵਿੰਦਰ ਔਜਲਾ, ਇਕੱਤਰ, ਪ੍ਰਕਾਸ਼ ਗਾਦੂ, ਮੱਖਣ ਖੋਖਰ।

ਆਪਦੇ ਨਾਟਕਾਂ ਦੇ ਵਿਸ਼ੇ ਜ਼ਿਆਦਾਤਰ ਸਮਾਜ ਸੇਵੀ ਹਨ ਅਤੇ ਬੁਰਾਈਆਂ ਖਿਲਾਫ਼ ਜਿਵੇਂ ਨਸ਼ੇ, ਭਰੂਣ ਹੱਤਿਆ, ਦਹੇਜ ਪ੍ਰਥਾ ਵਿਰੁੱਧ ਲੜਦੇ ਹਨ।

ਕਲਾਕਾਰੀ ਦੇ ਨਾਲ ਹੀ ਆਪ ਬਹੁਤ ਸਾਰੇ ਸਮਾਜ ਭਲਾਈ ਦੇ ਕੰਮ ਵੀ ਕਰਦੇ ਹਨ। ਆਪ ਵੱਲੋਂ ਬਹੁਤ ਸਾਰੀਆਂ ਸੰਸਥਾਵਾਂ ਵਿਚ ਯੋਗਦਾਨ ਪਾਇਆ ਜਾਂਦਾ ਹੈ ਤੇ ਇਕ ਸੰਸਥਾ "ਰੂਰਲ ਇੰਸਟੀਚਿਊਟ ਕੈਰੀਅਰ ਫਾਰ ਕੋਰਸਿਸ" ਚਮਕੌਰ ਸਾਹਿਬ ਸਥਾਪਿਤ ਕੀਤੀ ਗਈ ਹੈ। ਆਪ ਡਾ. ਗੁਰਸ਼ਰਨ ਸਿੰਘ ਜੀ ਨਾਲ ਜੋ ਗੱਲਾਂ ਸਟੇਜ਼ ਤੇ ਬੋਲਦੇ ਸਨ ਉਹਨਾਂ ਨੂੰ ਆਪਣੇ ਨਿੱਜੀ ਜੀਵਨ ਵਿਚ ਵੀ ਲਾਗੂ ਕੀਤਾ।

ਮਲਕੀਤ ਰੌਣੀ ਜੀ ਦਾ ਨੌਜਵਾਨ ਪੀੜ੍ਹੀ ਨੂੰ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਸੰਦੇਸ਼ ਹੈ ਕਿ 'ਸਾਡਾ ਵਿਰਸਾ' ਜੋ ਬਹੁਤ ਹੀ ਗੌਰਵਮਈ ਹੈ ਸਾਡੇ ਕੋਲ ਸ਼ਹੀਦਾਂ ਦੀ ਵਿਸ਼ਾਲ ਵਿਰਾਸਤ ਹੈ। ਸਾਨੂੰ ਉਹਨਾਂ ਤੇ ਪਹਿਰਾ ਦਿੰਦੇ ਹੋਏ ਸਮਾਜ ਵਿਚ ਨਰੋਈਆਂ ਕਦਰਾਂ-ਕੀਮਤਾਂ ਦੀ ਸਥਾਪਤੀ ਲਈ ਯਤਨ ਕਰਨੇ ਚਾਹੀਦੇ ਹਨ। ਦੁਨੀਆਂ ਵਿਚ ਨੌਜਵਾਨਾਂ ਤੋਂ ਵੱਡੀ ਕੋਈ ਸ਼ਕਤੀ ਨਹੀਂ। ਜਿਹੜੀ ਆਪਣੇ ਯਤਨਾਂ ਸਦਕਾ ਸਮਾਜ ਨੂੰ ਸੋਹਣਾ ਤੇ ਜਿਉਣਯੋਗ ਬਣਾ ਸਕਦੀ ਹੈ। ਆਓ ਯਤਨ ਜੁਟਾਈਏ।

ਰੌਣੀ ਜੀ ਆਪਣੀ ਕਲਾ ਦੁਆਰਾ ਮਾਂ ਬੋਲੀ ਪੰਜਾਬੀ ਦੀ ਪੰਜਾਬ ਦੀ ਧਰਤੀ ਦੀ ਪੰਜਾਬੀ ਸੱਭਿਆਚਾਰ ਦੀ ਬਹੁਤ ਹੀ ਅਣਥੱਕ ਸੇਵਾ ਬੜੇ ਬੁਲੰਦ ਹੌਂਸਲੇ ਨਾਲ ਨਿਭਾ ਰਹੇ ਹਨ ਤੇ ਚੰਗਾ ਸਮਾਜ ਸਿਰਜਣ ਦਾ ਅਥਾਹ ਉਪਰਾਲਾ ਲਗਾਤਾਰ ਕਰ ਰਹੇ ਹਨ।

ਯਾਰਾਂ ਦੇ ਯਾਰ ਦਿਲਦਾਰ ਸੁਭਾਅ ਵਾਲੇ ਹਰ ਕਿਸੇ ਦੇ ਕੰਮ ਆਉਣ ਵਾਲੇ ਪੰਜਾਬ ਦੇ ਸਰਦਾਰ ਮਲਕੀਤ ਰੌਣੀ (ਸਰਦਾਰ ਮਲਕੀਤ ਸਿੰਘ ਰੌਣੀ) ਵਰਗੇ ਮਹਾਨ ਕਲਾਕਾਰ ਉੱਚੇ ਆਦਰਸ਼ ਤੇ ਉੱਚੀ ਸੋਚ ਵਾਲੇ ਸਮਾਜ ਸੁਧਾਰਕ ਜੀ ਨੂੰ ਪ੍ਰਮਾਤਮਾ ਹਮੇਸ਼ਾ ਚੜ੍ਹਦੀ ਕਲਾ ਬਖਸ਼ੇ।

ਮੋ. 98883-32842

---

ਹਾਸ ਰਸ ਕਵਿਤਾ

## ਦੋ ਹਜ਼ਾਰ ਦਾ ਨੋਟ

ਜਸਵੀਰ ਪੁੜੈਣ

ਅੱਧ ਸੁਤਿਆ ਹੀ ਉੱਠ ਜਾ ਡੇਰਾ ਬੈਂਕ ਦੇ ਮੂਹਰੇ ਲਾਇਆ।
ਲਾਇਨ ਸ਼ੁਰੂ ਹੋਣ ਤੋਂ ਪਹਿਲਾਂ ਨੰਬਰ ਆਪਣਾ ਲਾਇਆ।
ਬੰਦ ਦਰਵਾਜ਼ੇ ਬੈਂਕ ਦੇ ਤਾਈਂ ਜਾਂ ਨਮਸਕਾਰ ਬੁਲਾਇਆ।
ਖੜਿਆ-ਖੜਿਆ ਲੱਤਾਂ ਥੱਕੀਆਂ, ਭੁੱਖ ਨਾਲ ਪੈਣ ਕੜਿੱਲਾਂ।
ਹੋਰ ਕੋਈ ਥਾਂ ਰੋਕ ਲਵੇ ਨਾ, ਮੈਂ ਭੋਰਾ ਨਾ ਹਿੱਲਾ।
ਮਸਾਂ ਮਸਾਂ ਜਾਂ ਬੈਂਕ ਜੋ ਖੁੱਲ੍ਹੀ ਮਨ ਨੇ ਲਈ ਅੰਗੜਾਈ।
ਫੇਰ ਮਾਯੂਸ ਜਿਹੇ ਕਰਤਾ, ਗੱਡੀ ਕੈਸ਼ ਵਾਲੀ ਨਹੀਂ ਆਈ।
ਬੰਨ ਸਬਰ ਨੂੰ ਮਾਰ ਕੇ ਖੜ੍ਹ ਗਏ ਦਿਲ ਨੂੰ ਦਿੱਤੇ ਦਿਲਾਸੇ।
ਵਾਂਗ ਪ੍ਰਾਹੁਣਿਆਂ ਉਡੀਕ ਗੱਡੀ ਦੀ ਕਰਕੇ ਭੁਖੇ ਪਿਆਸੇ।
ਵਿਆਹ ਵਰਗਾ ਪਿਆ ਰੌਲਾ ਗੱਡੀ ਆਈ ਗੱਡੀ ਆਈ।
ਇੰਨਾ ਚਾਅ ਜਿਵੇਂ ਸਾਰਾ ਕੈਸ਼ ਹੀ ਮੇਰੇ ਲਈ ਲਿਆਈ।
ਕੁਝ ਮਿੰਟਾਂ ਬਾਅਦ ਖਿੜਕੀ ਖੁੱਲ੍ਹੀ ਛੇਤੀ ਬਾਊਚਰ ਭਰਿਆ।
ਮੋਟੀ ਰਕਮ ਲੈਣ ਲਈ ਹੱਥ ਛੇਤੀ ਅੰਦਰ ਕਰਿਆ।
ਜਲਦੀ ਕਰੋ ਕੈਸ਼ੀਅਰ ਸਾਹਿਬ ਦੇਰ ਕਾਸਤੋਂ ਲਾਈ।
ਪੈਸੇ ਦੇਣ ਤੋਂ ਪਹਿਲਾਂ ਪਤੰਦਰ ਲਾਵੇ ਹੱਥ ਤੇ ਸਿਆਹੀ।
ਦੋ ਹਜ਼ਾਰ ਦਾ ਨੋਟ ਫੜਾਕੇ ਕਹਿੰਦਾ ਪਾਸੇ ਹੋਜਾ।
ਹੋਰ ਚਾਹੀਦੇ ਕੱਲ੍ਹ ਨੂੰ ਆ ਕੇ ਲਾਈਨ 'ਚ ਫੇਰ ਖੜੋਜਾ।
ਫੜਕੇ ਨੋਟ ਮੈਂ ਗਿਣਤੀ ਮਿਣਤੀ ਕਰਦਾ ਬਾਹਰ ਆਇਆ।
ਸੋਚਣ ਲੱਗਾ ਸੌਦਾ ਸੀ ਜੋ ਜੋ ਘਰੋਂ ਗਿਣਾਇਆ।
ਢਿੱਡ ਨੂੰ ਦੇਣ ਲਈ ਧਰਵਾਸ ਚਾਹ ਦੀ ਲੱਭੀ ਦੁਕਾਨ।
ਕੜਕ ਚਾਹ ਦਾ ਪਿਆਲਾ ਪੀ ਕੇ ਹੋ ਜਾਏ ਦੂਰ ਥਕਾਨ।
ਚਾਹ ਪੀ ਕੇ ਹੱਥ ਮੁੱਛਾਂ ਤੇ ਫੇਰੇ ਲੈ ਬਈ ਪੈਸੇ ਕੱਟ।
ਚਾਹ ਵਾਲਾ ਇੰਝ ਝਾਕੇ ਜਿੱਦਾਂ ਸਿਰ ਵਿਚ ਵੱਜੀ ਸੱਟ।
ਕਹਿੰਦਾ ਦਸਾਂ-ਦਸਾਂ ਨਾਲ ਮਸਾਂ ਭਰਾਵਾ ਡੇਢ ਸੋ ਬਣਿਆ ਹੋਣਾ।
ਤੂੰ ਵੀ ਕਿਸ ਸ਼ਾਹੂਕਾਰ ਤੋਂ ਸੋਚਿਆ ਦੋ ਹਜ਼ਾਰ ਤੜਵਾਉਣਾ।
ਚਾਹ ਪੀ ਲਈ ਕੋਈ ਗੱਲ ਨੀ ਤੈਥੋਂ ਭਾਂਡੇ ਨਹੀਂ ਮੰਜਵਾਉਂਦਾ।
ਜਦੋਂ ਖੁਲ੍ਹੇ ਹੋਏ ਦੇ ਜਾਈ, ਨਿੱਤ ਨਹੀਂ ਤੈਨੂੰ ਸਤਾਉਂਦਾ।
ਧੰਨਵਾਦ ਚਾਹ ਵਾਲਿਆ ਤੇਰਾ ਤੂੰ ਤਾਂ ਪੁੰਨ ਕਮਾਇਆ।
ਪਰ ਇਹ ਸਾਰਾ ਪੰਗਾ ਵੀ, ਚਾਹ ਵਾਲੇ ਪੀ.ਐਮ. ਨੇ ਪਾਇਆ।
ਫੇਰ ਮੈਂ ਸਬਜ਼ੀ ਵਾਲੇ ਕੋਲੋਂ ਗੋਭੀ ਕਿਲੋ ਪਵਾਲੀ।
ਗੰਢੇ ਅਦਰਕ ਮਿਰਚਾ ਲੈ ਕੇ ਪੰਜਾਹ ਤੋਂ ਰਕਮ ਟਪਾਲੀ
ਦੋ ਹਜ਼ਾਰ ਦਾ ਨੋਟ ਦੇਖ ਕੇ ਕਹਿੰਦਾ ਹਮ ਕਹਾਂ ਜਾਏਂ
'ਹਮ ਤੋਂ ਸਬਜ਼ੀ ਖੁਦ ਉਧਾਰ ਪੇ ਬਾਬੂ ਜੀ ਸੇ ਲਾਏ।'
ਕਿਲੋ ਖੰਡ ਤੇ ਅੱਧ ਪਾ ਪੱਤੀ ਕੁਝ ਲੂਣ ਮਸਾਲੇ ਧਰਦੇ।
ਕਿਹਾ ਕਰਿਆਨੇ ਵਾਲੇ ਨੂੰ ਨੋਟ ਸੋ ਦਾ ਪੂਰਾ ਕਰਦੇ।
ਖੁਲ੍ਹੇ ਪੈਸੇ ਹਨ ਤਾਂ ਸੌਦਾ ਲੈ ਲਾ ਜਿਹੜਾ ਲੈਣਾ
ਨੋਟ ਤੋੜਨ ਦੇ ਜੱਬ 'ਚ, ਮਿੱਤਰਾ ਮੈਂ ਨਹੀਂ ਪੈਣਾ।
ਦੋ ਚਹੁੰ ਹੋਰ ਦੁਕਾਨਾਂ ਤੋਂ ਖੁੱਲ੍ਹੇ ਪੈਸੇ ਲੈਣ ਮੈਂ ਲੰਘਿਆ।
ਏਦਾਂ ਝਾਕਣ ਜਿਵੇਂ ਕਾਲਜਾ ਹੋਵੇ ਉਹਨਾਂ ਦਾ ਮੰਗਿਆ।
ਦੋ ਹਜ਼ਾਰ ਦਾ ਨੋਟ ਤੋੜਨਾ ਸਭ ਨੂੰ ਲੱਗਦਾ ਭਾਰਾ।
ਨੋਟਬੰਦੀ ਦੇ ਦਿਨਾਂ 'ਚ, ਨਾ ਕੋਈ ਰਾਸ਼ਨ ਦਵੇ ਉਧਾਰਾ।
ਪੈਸੇ ਹੁੰਦਿਆਂ ਸੁੰਦਿਆ ਘਰ ਨੂੰ ਖਾਲੀ ਹੱਥ ਮੈਂ ਆਇਆ।
ਪੁੜੈਣ ਵਾਲਿਆ ਕਾਲੇ ਧਨ ਨੇ ਚਿੱਟੇ ਨੂੰ ਪੜ੍ਹਨੇ ਪਾਇਆ।



Scanned with CamScanner

# ਸ਼ਰਧਾ ਸਤਿਕਾਰ ਅਤੇ ਸਿੱਖ ਇਤਿਹਾਸ ਨਾਲ ਜੋੜਦੀ ਹੈ ਬਾਬਾ ਫੌਜਾ ਸਿੰਘ ਜੀ ਦੀ ਸੂਪਰਸਤੀ ਹੇਠ ਹੁੰਦੀ ਸੁਭਾਨਾ ਤੋਂ ਸਰਹੰਦ ਤੱਕ ਦੀ ਪੈਦਲ ਯਾਤਰਾ

ਜਲੰਧਰ/ ਭਵਨਦੀਪ ਸਿੰਘ ਪੁਰਬਾ

ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਭਾਨਾ ਦੇ ਮੁੱਖ ਸੇਵਾਦਾਰ ਬਾਬਾ ਸੁਰਿੰਦਰ ਸਿੰਘ ਜੀ ਉਰਫ ਬਾਬਾ ਫੌਜਾ ਸਿੰਘ ਜੀ ਦੀ ਸੂਪਰਸਤੀ ਹੇਠ ਹੁੰਦੀ ਸੁਭਾਨਾ (ਜਲੰਧਰ) ਤੋਂ ਸ੍ਰੀ ਫਤਿਹਗੜ੍ਹ ਸਾਹਿਬ (ਸਰਹੰਦ) ਤੱਕ ਦੀ ਪੈਦਲ ਯਾਤਰਾ ਜਿਥੇ ਸੰਗਤਾਂ ਵਿੱਚ ਗੁਰੂ ਘਰ ਲਈ ਸ਼ਰਧਾ ਅਤੇ ਸਤਿਕਾਰ ਪੈਦਾ ਕਰਦੀ ਹੈ ਉਥੇ ਇਹ ਸੰਗਤਾ ਨੂੰ ਸਿੱਖ ਇਤਿਹਾਸ ਨਾਲ ਵੀ ਜੋੜਦੀ ਹੈ। ਹਰ ਸਾਲ ਦੀ ਤਰ੍ਹਾਂ ਐਤਕੀ 13ਵੀਂ ਪੈਦਲ ਯਾਤਰਾ ਸੁਭਾਨਾ (ਜਲੰਧਰ) ਤੋਂ ਸ੍ਰੀ ਫਤਿਹਗੜ੍ਹ ਸਾਹਿਬ (ਸਰਹੰਦ) ਤੱਕ ਪਹੁੰਚੀ।

ਮਾਤਾ ਗੁਜਰ ਕੌਰ ਜੀ, ਦਸਮੇਸ਼ ਪਿਤਾ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਹਿਬਜਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਬਾਬਾ ਫੌਜਾ ਸਿੰਘ ਜੀ ਸੁਭਾਨੇ ਵਾਲਿਆਂ ਦੀ ਸਰਪ੍ਰਸਤੀ ਵਿੱਚ 13 ਵੀ ਪੈਦਲ ਯਾਤਰਾ ਮਿਤੀ 25, 26, 27 ਦਸੰਬਰ 2021 ਨੂੰ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਭਾਨਾ ਜਿਲਾ ਜਲੰਧਰ ਤੋਂ ਅਰੰਭ ਹੋ ਕੇ ਸ੍ਰੀ ਫਤਿਹਗੜ੍ਹ ਸਾਹਿਬ, ਸਰਹੰਦ ਤੱਕ ਪਹੁੰਚੀ।

ਮਿਤੀ 25 ਦਸੰਬਰ 2021 ਦਿਨ ਸ਼ਨੀਵਾਰ ਨੂੰ ਸਵੇਰੇ 6 ਵਜੇ ਅਸਥਾਨ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਨੇੜੇ ਗੜ੍ਹਾ ਮੰਡੀ, ਪਿੰਡ ਸੁਭਾਨਾ (ਜਲੰਧਰ) ਤੋਂ ਚੱਲ ਕੇ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਫਿਲੌਰ ਵਿਖੇ ਰਾਤ ਦਾ ਵਿਸ਼ਰਾਮ ਕੀਤਾ ਗਿਆ। ਮਿਤੀ 26 ਦਸੰਬਰ 2021 ਨੂੰ ਸਵੇਰੇ 6 ਵਜੇ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਫਿਲੌਰ ਤੋਂ ਚੱਲ ਕੇ ਗੁਰਦੁਆਰਾ ਮੰਜੀ ਸਾਹਿਬ (ਛੇਵੀਂ ਪਾਤਿਸ਼ਾਹੀ) ਨੇੜੇ ਪਾਇਲ (ਜਿਲ੍ਹਾ ਲੁਧਿਆਣਾ) ਵਿਖੇ ਰਾਤ ਦਾ ਵਿਸ਼ਰਾਮ ਕੀਤਾ ਗਿਆ। ਮਿਤੀ 27 ਦਸੰਬਰ 2021 ਨੂੰ ਸਵੇਰੇ 6 ਵਜੇ ਗੁਰਦੁਆਰਾ ਮੰਜੀ ਸਾਹਿਬ (ਪਾਤਿਸ਼ਾਹੀ ਛੇਵੀਂ) ਪਾਇਲ ਤੋਂ ਚੱਲ ਕੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਸਰਹੰਦ ਵਿਖੇ ਸਮਾਪਤੀ ਹੋਈ।

ਬਾਬਾ ਫੌਜਾ ਸਿੰਘ ਜੀ ਨੇ ਇਸ ਪੈਦਲ ਯਾਤਰਾ ਦੌਰਾਨ ਸਾਹਿਬਜਾਦਿਆ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਬਾਬਾ ਫੌਜਾ ਸਿੰਘ ਜੀ ਨੇ ਕਿਸਾਨੀ ਸੰਘਰਸ਼ ਦੇ ਜਿੱਤ ਦੀ ਵਧਾਈ ਦਿੱਤੀ ਅਤੇ ਆਉਣ ਵਾਲੇ ਸਮੇਂ ਲਈ ਕਿਸਾਨ ਵੀਰਾ ਨੂੰ ਇੱਕਮੁੱਠ ਹੋ ਕੇ ਰਹਿਣ ਦੀ ਅਪੀਲ ਵੀ ਕੀਤੀ। ਬਾਬਾ ਜੀ ਨੇ ਨੌਜਵਾਨਾ ਨੂੰ ਸਿੱਖੀ ਸਰੂਪ ਅਪਣਾਉਣ ਲਈ ਵੀ ਪ੍ਰੇਰਿਆ। ਉਨ੍ਹਾਂ 'ਮਹਿਕ ਵਤਨ ਦੀ ਲਾਈਵ' ਬਿਓਰੋ ਨਾਲ ਗੱਲ-ਬਾਤ ਕਰਦਿਆ ਦੱਸਿਆ ਕਿ ਇਸ ਪੈਦਲ ਯਾਤਰਾ ਦਾ ਮਕਸਦ ਵੀ ਨੌ-ਜਵਾਨ ਪੀੜੀ ਨੂੰ ਨਸ਼ੇ ਤੋਂ ਰੋਕਣਾ, ਸੰਗਤਾ ਨੂੰ ਪਾਖੰਡਵਾਦ ਪ੍ਰਤੀ ਜਾਗਰੂਕ ਕਰਨਾ, ਪ੍ਰੀਵਾਰਾ ਸਮੇਤ ਗੁਰਸਿੱਖੀ ਅਪਨਾਉਣਾ ਅਤੇ ਭਰੂਣ ਹੱਤਿਆ ਨੂੰ ਰੋਕਣਾ ਹੈ। ਸੰਗਤਾ ਦੇ ਠਾਠਾ ਮਾਰਦੇ ਇਕੱਠ ਨੇ ਇਸ ਪੈਦਲ ਯਾਤਰਾ ਵਿੱਚ ਸਾਮਿਲ ਹੋ ਕੇ ਆਪਣਾ ਜੀਵਨ ਸਫਲਾ ਕੀਤਾ।





'ਮਹਿਕ ਵਤਨ ਦੀ ਲਾਈਵ' ਡਾਇਰੀ 2022-23

ਡਾਇਰੀ ਵਿੱਚ ਆਪਣੇ ਇਸ਼ਤਿਹਾਰ ਦੇਣ ਲਈ ਜਲਦੀ ਸੰਪਰਕ ਕਰੋ।

'ਮਹਿਕ ਵਤਨ ਦੀ ਲਾਈਵ' ਬਿਓਰੋ ਦੀ ਦੋ-ਸਾਲਾ ਡਾਇਰੀ ਜੋ ਲਾਕਡੋਨ ਅਤੇ ਕੁੱਝ ਕਾਰਨਾ ਕਰਕੇ ਪਿਛਲੇ 4 ਸਾਲਾ ਤੋਂ ਨਹੀਂ ਛਪ ਸਕੀ ਸੀ। ਇਹ ਡਾਇਰੀ ਐਤਕੀ ਨਵੇਂ ਸਾਲ ਤੇ ਛਪ ਰਹੀ ਹੈ। ਜਿਸ ਵਿੱਚ ਪਿਛਲੇ 4 ਸਾਲਾ ਦੌਰਾਨ ਵਧੀਆਂ ਸੇਵਾਵਾ ਨਿਭਾਉਣ ਅਤੇ 'ਮਹਿਕ ਵਤਨ ਦੀ ਲਾਈਵ' ਬਿਓਰੋ ਨੂੰ ਸਹਿਯੋਗ ਦੇਣ ਵਾਲੀਆਂ ਸਖਸੀਅਤਾ ਦੀ ਜਾਣਕਾਰੀ ਤੋਂ ਇਲਾਵਾ ਅਦਾਰੇ ਵੱਲੋਂ ਕੀਤੇ ਗਏ ਅਤੇ ਕੀਤੇ ਜਾਂ ਰਹੇ ਕਾਰਜਾਂ ਦੀ ਅਹਿਮ ਜਾਣਕਾਰੀ ਹੋਵੇਗੀ।

ਇਹ ਡਾਇਰੀ ਨਵੇਂ ਸਾਲ ਦਾ ਤੋਹਫਾ ਦੇਣ ਲਈ ਬਹੁੱਤ ਵਧੀਆਂ ਲੁੱਕ ਵਿੱਚ ਕੱਲਰ ਸਫਿਆਂ ਸਮੇਤ ਛਾਪੀ ਜਾਵੇਗੀ!

ਇਸ ਡਾਇਰੀ ਵਿੱਚ ਆਪਣੀ ਸੁਸਾਇਟੀ, ਕਲੱਬ, ਸੰਸਥਾਂ ਜਾਂ ਆਪਣੇ ਕਾਰੋਬਾਰ ਬਾਰੇ ਅਤੇ ਸਮਾਜ ਸੇਵੀ ਸਖਸੀਅਤਾਂ ਆਪਣੇ ਇਸ਼ਤਿਹਾਰ ਲਗਾਉਣ ਲਈ ਜਲਦੀ ਸੰਪਰਕ ਕਰਨ।

ਇਕਬਾਲ ਸਿੰਘ ਖੋਸਾ: 98768-00424 * ਸਾਧੂ ਸਿੰਘ ਧੰਮੂ: 98143-71922

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ

ਮਾਸਿਕ ਮੈਗਜੀਨ * ਰੋਜਾਨਾ ਆਨਲਾਈਨ ਅਖਬਾਰ * ਵੈੱਬ ਟੀ.ਵੀ.


International ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ ਮਹਿਕ ਵਤਨ ਦੀ 'Mehak Watan Di Live' ਲਾਈਵ

Help Line: 9988-92-9988 * www.mehakwatandilive.com

Scanned with CamScanner




Scanned with CamScanner




# ਦੇਸ਼ ਵਿਦੇਸ਼ਾ ਵਿੱਚ ਵਸਦੀਆਂ ਸਮੂੰਹ ਸੰਗਤਾਂ ਨੂੰ 'ਲੋਹੜੀ' ਅਤੇ 'ਮਾਘੀ' ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਨ ਜੀ!

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

**Web TV * Monthly Magazine * Daily Online Newspaper**

ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਦਰਸ਼ਕਾਂ ਨਾਲ ਸਾਂਝਾ ਕਰੋ!

## 'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ !

...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਂਝੀਆਂ ਕਰੋ।

'ਮਹਿਕ ਵਤਨ ਦੀ ਲਾਈਵ' ਆਨਲਾਈਨ ਅਖਬਾਰ, ਵੈਬ ਟੀ.ਵੀ. ਅਤੇ ਮਾਸਿਕ ਮੈਗਜੀਨ ਵਿੱਚ ਬਹੁਤ ਥੋੜੇ ਖਰਚ ਤੇ ਆਪਣੇ ਇਸ਼ਤਿਹਾਰ ਦੇ ਕੇ ਜਿਆਦਾ ਲਾਭ ਪ੍ਰਾਪਤ ਕਰੋ ਜੀ।


Chief Editor:
Bhawandeep Singh Purba

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ
Web TV

ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!

ਪੱਤਰਕਾਰ ਬਨਣ ਲਈ ਅਤੇ ਹਰ ਪ੍ਰਕਾਰ ਦੀ ਜਾਣਕਾਰੀ ਲਈ ਸੰਪਰਕ ਕਰੋ:

**Help Line: 9988 92 9988**

**www.mehakwatandilive.com**

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016

Scanned with CamScanner